# ਕੀ ?
# ਰੱਬ ਹੈ

ਗੁਰੂ ਗੋਬਿੰਦ ਸਿੰਘ ਸੱਟਡੀ ਸਰਕਲ

3/=

# ਕੀ ਰੱਬ ਹੈ ?

ਗਿਆਨੀ ਸਰੂਪ ਸਿੰਘ
98150-03075
ਫਿਲੌਰ (ਜਲੰਧਰ)

ਭੇਟਾ :- 3-00 ਰੁਪੈ

ਪੰਜਵੀਂ ਛਾਪ : 2000 (2002)

© Publisher

Litrature and Publication Department
*Guru Gobind Singh Study Circle*
Model Town Extension,
Ludhiana-141002
Punjab, INDIA

*ਛਾਪਕ : ਹਮਦਰਦ ਪ੍ਰਿੰਟਿੰਗ ਪ੍ਰੈਸ, ਜਲੰਧਰ*

# ਕੀ ਰੱਬ ਹੈ ?

–ਡਾ: ਅਜੀਤ ਸਿੰਘ ਸਿੱਕਾ

ਇਕ ਵਾਰ ਅਕਬਰ ਬਾਦਸ਼ਾਹ ਦਾ ਦਰਬਾਰ ਲੱਗਾ ਹੋਇਆ ਸੀ। ਅਕਬਰ ਨੇ ਬੀਰਬਲ ਤੋਂ ਪੁੱਛਿਆ ਕਿ "ਰੱਬ ਕਿੱਥੇ ਹੈ ਅਤੇ ਕੀ ਕਰਦਾ ਹੈ ?"

ਪ੍ਰਸ਼ਨ ਬੜਾ ਗੰਭੀਰ ਸੀ । ਇਸ ਲਈ ਬੀਰਬਲ ਨੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸੱਤ ਦਿਨਾਂ ਦੀ ਮੋਹਲਤ ਮੰਗੀ ਅਤੇ ਬੀਰਬਲ ਘਰ ਜਾ ਕੇ ਪ੍ਰਸ਼ਨ ਦਾ ਉੱਤਰ ਵਿਚਾਰਨ ਲੱਗ ਪਿਆ।

ਬੀਰਬਲ ਨੇ ਬਹੁਤ ਦਿਮਾਗ਼ ਲਗਾਇਆ, ਸੁਝਿਆ ਕੁਝ ਨਾ, ਉੱਤਰ ਨਿਕਲ ਨਾ ਸਕਿਆ। ਬੜੀ ਚਿੰਤਾ ਵਧੀ। ਦਿਨ ਬ ਦਿਨ ਬੀਰਬਲ ਦਾ ਚਿਹਰਾ ਮੁਰਝਾਣ ਲੱਗਾ, ਜਿਵੇਂ ਚੰਦਰਮਾ ਮੁਖ ਨੂੰ ਰਾਹੂ–ਚਿੰਤਾ ਮਲੀਨ ਕਰ ਰਹੀ ਹੋਵੇ। ਓੜਕ ਬੀਰਬਲ ਦੇ ਦਿਮਾਗ਼ ਨੇ ਜਵਾਬ ਦੇ ਦਿੱਤਾ ।

ਬੀਰਬਲ ਨੂੰ ਚਿੰਤਾਤੁਰ ਵੇਖ ਕੇ ਓਸਦਾ ਪੁੱਤਰ , ਜਿਸ ਦੀ ਉਮਰ ਕੋਈ ਪੰਦਰਾਂ ਸਾਲਾਂ ਦੀ ਸੀ , ਬੋਲਿਆ, "ਪਿਤਾ ਜੀ, ਤੁਸੀਂ ਇਤਨੇ ਚਿੰਤਾਤੁਰ ਕਿਉਂ ਦਿਸਦੇ ਹੋ ?"

ਬੀਰਬਲ ਨੇ ਉੱਤਰ ਦਿੱਤਾ, "ਪੁੱਤਰ, ਜਾ, ਤੂੰ ਅਜੇ ਬੱਚਾ ਹੈਂ, ਐਵੇਂ ਮੇਰਾ ਵਿਅਰਥ ਸਮਾਂ ਨਾ ਗਵਾ , ਆਪਣਾ ਕੰਮ ਕਰ , ਦੁਨੀਆਂ ਦੀਆਂ ਸਮੱਸਿਆਵਾਂ ਨੂੰ ਤੂੰ ਅਜੇ ਸਮਝਣ ਜੋਗਾ ਨਹੀਂ , ਜਾ , ਜਾ ਖੇਡ ਕੁੱਦ" ।

ਪੁੱਤਰ ਬੋਲਿਆ, "ਹਾਂ ਪਿਤਾ ਜੀ ਇਹ ਠੀਕ ਹੈ , ਮੇਰੇ ਵਿਚ ਵੀ ਆਪ ਜੀ ਦੀ ਆਤਮਾ ਹੈ , ਮੈਨੂੰ ਵੀ ਆਪ ਦੀ ਚਿੰਤਾ ਵੇਖ ਕੇ ਦੁੱਖ ਹੋ ਰਿਹਾ ਹੈ। ਜੋ ਕੁਝ ਭੀ ਆਪ ਦੇ ਮਨ ਵਿਚ ਹੈ ਕਹਿ ਦਿਓ "।

ਪੁੱਤਰ ਦੀਆਂ ਗੱਲਾਂ ਸੁਣ ਕੇ ਬੀਰਬਲ ਨੇ ਕਿਹਾ , "ਪੁੱਤਰ ! ਬਾਦਸ਼ਾਹ ਨੇ ਮੈਨੂੰ ਪ੍ਰਸ਼ਨ ਕੀਤਾ ਹੈ ਕਿ ਰੱਬ ਕਿੱਥੇ ਹੈ ਅਤੇ ਕੀ ਕਰਦਾ ਹੈ ? ਜਿਸ ਲਈ ਮੈਂ ਸੱਤ ਦਿਨਾਂ ਦੀ ਮੋਹਲਤ ਲੈ ਕੇ ਘਰ ਆਇਆਂ ਤੇ ਕੱਲ੍ਹ ਹੀ ਉੱਤਰ ਦੇਣ ਦਾ ਸਮਾਂ ਆ ਗਿਆ ਹੈ। ਇਸ ਲਈ ਮੈਨੂੰ ਚਿੰਤਾ ਲੱਗੀ ਹੋਈ ਹੈ।"

ਪੁੱਤਰ ਨੇ ਕਿਹਾ, "ਪਿਤਾ ਜੀ , ਇਹ ਪ੍ਰਸ਼ਨ ਤਾਂ ਬਹੁਤ ਹੀ ਛੋਟਾ ਹੈ , ਇਸ ਲਈ ਛੋਟਾ ਹੋਣ ਦੇ ਨਾਤੇ ਉੱਤਰ ਮੈਂ ਦਿਆਂਗਾ। ਮੈਨੂੰ ਦਰਬਾਰ ਵਿੱਚ ਨਾਲ ਲੈ ਚਲੋ। "

ਪਹਿਲਾਂ ਤਾਂ ਬੀਰਬਲ ਨੂੰ ਆਪਣੇ ਪੁੱਤਰ ਦੀ ਗੱਲ 'ਤੇ ਵਿਸ਼ਵਾਸ ਨਾ ਆਇਆ, ਪਰ ਬੇਵੱਸ ਸੀ, ਆਖ਼ਰ ਬੱਚੇ ਨੂੰ ਨਾਲ ਹੀ ਲੈ ਗਿਆ।

ਦੋਵੇਂ ਬਾਦਸ਼ਾਹ ਅਕਬਰ ਦੇ ਦਰਬਾਰ ਵਿੱਚ ਪਹੁੰਚੇ ਹੀ ਸਨ ਕਿ ਅਕਬਰ ਨੇ ਕਿਹਾ, "ਕਿਉਂ ਬੀਰਬਲ, ਮੇਰੇ ਪ੍ਰਸ਼ਨ ਦਾ ਉੱਤਰ ਦੇਵੇਂਗਾ ? "ਮਹਾਰਾਜ ਇਸ ਛੋਟੇ ਜਿਹੇ ਪ੍ਰਸ਼ਨ ਦਾ ਉੱਤਰ ਮੇਰਾ ਛੋਟਾ ਬੱਚਾ ਦੇਵੇਗਾ।"

ਇਹ ਸੁਣ ਕੇ ਬਾਦਸ਼ਾਹ ਹੱਸ ਪਿਆ ਅਤੇ ਬੋਲਿਆ, "ਅੱਛਾ ਕਾਕਾ ਤੂੰ ਹੀ ਉੱਤਰ ਦੇ ਕਿ ਰੱਬ ਕਿੱਥੇ ਹੈ ਅਤੇ ਕੀ ਕਰਦਾ ਹੈ ?"

ਅੱਗੇ ਵੱਧਦੇ ਹੋਏ ਬਾਲਕ ਨੇ ਕਿਹਾ, "ਮਹਾਰਾਜ, ਇਕ ਕਟੋਰਾ ਦੁੱਧ ਦਾ ਫ਼ੌਰਨ ਮੰਗਾਇਆ ਜਾਵੇ" । ਦੁੱਧ ਦਾ ਕਟੋਰਾ ਫ਼ੌਰਨ ਹਾਜ਼ਰ ਕੀਤਾ ਗਿਆ । ਬਾਲਕ ਨੇ ਪੁੱਛਿਆ "ਕੀ ਇਸ ਦੁੱਧ 'ਚੋਂ ਮੱਖਣ ਨਿਕਲ ਸਕਦਾ ਹੈ "।

ਬਾਦਸ਼ਾਹ ਨੇ ਉੱਤਰ ਦਿੱਤਾ "ਹਾਂ ਬੇਟਾ , ਨਿਕਲ ਸਕਦਾ ਹੈ ?" ਤਾਂ ਬਾਲਕ ਨੇ ਪੁੱਛਿਆ " ਇਸ ਦੁੱਧ ਵਿਚ ਤਾਂ ਸਾਨੂੰ ਮੱਖਣ ਦਿਸਦਾ ਨਹੀਂ ਹੈ ?

ਬਾਦਸ਼ਾਹ ਨੇ ਉੱਤਰ ਦਿੱਤਾ "ਹਾਂ ਠੀਕ ਹੈ ਕਿ ਦੁੱਧ ਵਿਚ ਮੱਖਣ ਦਿਸਦਾ ਨਹੀਂ , ਪਰ ਇਸ ਵਿੱਚ ਹੈ ਜ਼ਰੂਰ"।

ਬਾਲਕ ਨੇ ਕਿਹਾ, "ਬਾਦਸ਼ਾਹ ਸਲਾਮਤ , ਆਪ ਦੇ ਪਹਿਲੇ ਪ੍ਰਸ਼ਨ ਦਾ

ਉੱਤਰ ਹੋ ਗਿਆ ਕਿ ਰੱਬ ਸਰਬਵਿਆਪੀ ਹੈ, ਜਿਸ ਤਰ੍ਹਾਂ ਦੁੱਧ ਵਿੱਚ ਮੱਖਣ ਹਰ ਥਾਂ 'ਤੇ ਮੌਜੂਦ ਹੈ, ਪਰ ਦਿਸਦਾ ਨਹੀਂ ਹੈ ਉਸੇ ਤਰ੍ਹਾਂ ਰੱਬ ਵੀ ਗੁਪਤ ਤਰੀਕੇ ਨਾਲ ਸਰਬ ਵਿਆਪਕ ਹੈ। ਜਿਵੇਂ ਤਿਲਾਂ ਵਿਚ ਤੇਲ, ਦਹੀਂ ਵਿਚ ਘਿਓ, ਪਹਾੜੀ ਝਰਨਿਆਂ ਵਿਚ ਪਾਣੀ ਅਤੇ ਚਕਮਾਕ ਪੱਥਰ ਵਿੱਚ ਅੱਗ, ਉਸੇ ਤਰ੍ਹਾਂ ਰੱਬ ਵੀ ਹਰ ਪਾਸੇ ਹੈ ਅਤੇ ਅਨੁਭਵ ਕੀਤਾ ਜਾ ਸਕਦਾ ਹੈ।

ਇਹ ਸੁਣਕੇ ਸ਼ਹਿਨਸ਼ਾਹ ਅਕਬਰ ਨੇ ਕਿਹਾ ਕਿ " ਹਾਂ ਪਹਿਲੇ ਪ੍ਰਸ਼ਨ ਦਾ ਹੱਲ ਹੋ ਗਿਆ, ਪਰ ਦੂਜੇ ਦਾ ਵੀ ਉੱਤਰ ਦਿਓ ਕਿ "ਰੱਬ ਕੀ ਕਰਦਾ ਹੈ ?"

ਇਹ ਸੁਣ ਕੇ ਕਾਕੇ ਨੇ ਪੁੱਛਿਆ ਕਿ ਆਪ ਨੇ ਇਹ ਪ੍ਰਸ਼ਨ ਕਿਸ ਭਾਵ ਨਾਲ ਕੀਤਾ ਹੈ, "ਚੇਲੇ ਦੇ ਭਾਵ ਨਾਲ"। ਤਾਂ ਕਾਕੇ ਨੇ ਨਿੱਡਰ ਹੋ ਕੇ ਆਖਿਆ। "ਜਨਾਬ! ਇਹ ਤਾਂ ਅਨੁਚਿਤ ਹੈ ਕਿ ਗੁਰੂ ਖੜ੍ਹਾ ਰਹੇ ਅਤੇ ਚੇਲਾ ਤਖ਼ਤ ਉੱਤੇ ਬਿਰਾਜੇ।" ਸ਼ਹਿਨਸ਼ਾਹ ਨੇ ਸ਼ਰਮਸਾਰ ਹੋ ਕੇ ਕਾਕੇ ਨੂੰ ਸ਼ਾਹੀ ਤਖ਼ਤ ਉੱਤੇ ਬਿਠਾ ਲਿਆ।

ਹੁਣ ਕਾਕੇ ਨੇ ਤਖ਼ਤ ਉੱਤੇ ਬੈਠ ਕੇ ਕਿਹਾ, "ਲਓ ਜਨਾਬ ਆਪ ਦੇ ਦੂਜੇ ਪ੍ਰਸ਼ਨ ਦਾ ਉੱਤਰ ਹੋ ਗਿਆ। ਬੱਸ, ਰੱਬ ਵੀ ਇਹੀ ਕਰਦਾ ਹੈ ਕਿ ਪਲ ਵਿਚ ਕੰਗਾਲ ਨੂੰ ਰਾਜਾ ਬਣਾ ਦੇਂਦਾ ਹੈ ਅਤੇ ਰਾਜੇ ਨੂੰ ਕੰਗਾਲ । ਇਸ ਤਰ੍ਹਾਂ ਜੀਵਨ ਵਿਚ ਅਤੇ ਰੁੱਤਾਂ ਵਿਚ ਤਬਦੀਲੀਆਂ ਲਿਆਉਂਦਾ ਹੈ"। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਮਹਾਂਵਾਕ ਹੈ –

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ।।
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ।।

ਪ੍ਰਿੰਸੀਪਲ ਗੰਗਾ ਸਿੰਘ ਜੀ '*ਲੈਕਚਰ ਮਹਾਂ ਚਾਨਣ*' ਵਿਚ ਦੱਸਦੇ ਹਨ ਕਿ ਅੱਜ ਤੱਕ ਫ਼ਲ ਨੇ ਕਦੀ ਨਹੀਂ ਪੁਛਿਆ ਕਿ ਦਰਖ਼ਤ ਦੀ ਹੋਂਦ ਦਾ ਕੀ ਸਬੂਤ ਹੈ ? ਉਹ ਪੁਛੇ ਹੀ ਕਿਸ ਤਰ੍ਹਾਂ, ਜਦ ਕਿ ਉਹ ਖ਼ੁਦ ਹੀ ਦਰਖ਼ਤ ਦੀ ਹੋਂਦ ਦਾ ਸਬੂਤ ਹੈ। ਬ੍ਰਿਹੋਂ ਕੁੱਠੀਆਂ ਨਦੀਆਂ ਮਿਲਾਪ ਦੀ ਆਸ ਕਰ ਬੇਕਰਾਰ ਨਿਵਾਣ

ਵੱਲ ਵਹਿ ਰਹੀਆਂ ਹਨ। ਪਾਣੀ ਦੀਆਂ ਬੂੰਦਾਂ ਨੇ ਕਦੀ ਕਿਸੇ ਪਾਸੋਂ ਨਹੀਂ ਪੁੱਛਿਆ ਕਿ ਸਾਗਰ ਸੱਚੀ ਮੁੱਚੀ ਹੈ ਵੀ। ਉਹਨਾਂ ਨੂੰ ਅੰਦਰ ਦੀ ਧੂਹ ਮਿਲਾਪ ਦਾ ਚਾਅ ਪੁਕਾਰ-ਪੁਕਾਰ ਕੇ ਕਹਿ ਰਿਹਾ ਹੈ, ਤੁਰੀਆਂ ਚੱਲੋ, ਜੇ ਸਾਗਰ ਕਦੀ ਨਾ ਹੁੰਦਾ, ਤੱਦ ਧੂਹਾਂ ਪੈਂਦੀਆਂ ਹੀ ਕਿਉਂ ? ਵਹਿਣ ਦਾ ਸੁਭਾ ਕਿਉਂ ਬਣਦਾ ? ਰਵਾਨੀਆਂ ਮੰਜ਼ਲ ਦਾ ਪਤਾ ਦੱਸਦੀਆਂ ਹਨ। ਸਵਾਦ ਦੀ ਗੱਲ ਇਹ ਹੈ ਕਿ ਮਨੁੱਖ ਨੇ ਇਹ ਕਦੀ ਵੀ ਨਹੀਂ ਸੋਚਿਆ ਕਿ ਜੇਕਰ ਕਾਦਰ ਨਾ ਹੁੰਦਾ, ਤਾਂ ਕੁਦਰਤ ਕਿਥੋਂ ਹੁੰਦੀ ?

ਅਸਲ ਵਿਚ ਅਰੂਪ (ਰੱਬ) ਨੂੰ ਤੱਕਣ ਲਈ ਦਿਲ ਦੀਆਂ (ਅਨੁਭਵ ਦੀਆਂ) ਅੱਖਾਂ ਖੋਹਲਣੀਆਂ ਪੈਣਗੀਆਂ।

ਗੁਰੂ ਅਰਜੁਨ ਦੇਵ ਜੀ ਦਾ ਫ਼ੁਰਮਾਣ ਹੈ-

ਨਾਨਕ ਸੇ ਅਖੜੀਆਂ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ।।

ਬਹਾਰ ਦਾ ਮੌਸਮ ਸੀ, ਫੁੱਲ ਖਿੜੇ ਹੋਏ ਸਨ, ਇਕ ਸੈਲਾਨੀ ਨੂੰ ਗੁਲਾਬ ਦਾ ਫੁੱਲ ਚੰਗਾ ਲੱਗਾ, ਤੋੜਨ ਲਈ ਅਗਾਂਹ ਵਧਿਆ ਤਾਂ ਫੁੱਲ ਨੇ ਘਬਰਾਅ ਕੇ ਕਿਹਾ, "ਬੇਦਰਦਾ, ਮੈਨੂੰ ਕਿਉਂ ਤੋੜਦਾ ਹੈਂ "?

ਸੈਲਾਨੀ ਨੇ ਕਿਹਾ, "ਤੂੰ ਮੈਨੂੰ ਪਿਆਰਾ ਲੱਗਾ ਹੈਂ, ਤੇਰੀ ਸੋਹਣੀ ਸੂਰਤ 'ਤੇ ਉਠਦੇ ਜੋਬਨ ਤੇ ਭਿੰਨੀ-ਭਿੰਨੀ ਗੰਧ ਨੇ ਮੈਨੂੰ ਪ੍ਰੇਰਿਆ ਹੈ। ਮੈਂ ਵੈਰੀ ਨਹੀਂ, ਤੇਰੇ ਨਾਲ ਪਿਆਰ ਕਰਨਹਾਰ ਹਾਂ।"

ਫੁੱਲ ਨੇ ਕਿਹਾ, "ਜੇ ਮੇਰੀ ਸੁੰਦਰਤਾ ਦਾ ਆਸ਼ਕ ਹੈਂ ਤਾਂ ਮੈਨੂੰ ਤੋੜ ਨਾਂਹ।" ਸੈਲਾਨੀ ਨੇ ਪੁਛਿਆ "ਤੇਰਾ ਰੂਪ ਤੇ ਮਹਿਕ ਛਿਨ ਭੰਗਰ ਕਿਉਂ ?" ਫੁੱਲ ਨੇ ਕਿਹਾ,"ਰੂਪ, ਮਹਿਕ ਤਾਂ ਛਿੰਨ ਭੰਗਰ ਨਹੀਂ, ਮੁਕਾਮੀ ਹੈ, ਪਰ ਮੈਂ ਡਾਲੀ ਤੋਂ ਮੰਗ ਕੇ ਵਰਤਦਾ ਹਾਂ। ਜਦੋਂ ਉਸ ਤੋਂ ਟੁੱਟਾ-ਤਦ ਸੁੱਹਪਣ ਨੇ ਆਪੇ ਹੀ ਖ਼ਤਮ ਹੋ ਜਾਣਾ ਹੋਇਆ।"

ਤੋੜਨ ਵਾਲੇ ਨੇ ਆਖਿਆ, "ਇਹ ਤਾਂ ਗੱਲ ਸਾਧਾਰਨ ਨਿਕਲੀ, ਜੇ ਡਾਲੀ

ਹੀ ਰੂਪ, ਮਹਿਕ ਦੀ ਦਾਤੀ ਹੈ, ਤਾਂ ਉਸ ਨੂੰ ਵੀ ਨਾਲ ਹੀ ਕੱਟ ਲੈਂਦੀ ਹਾਂ।" ਜਦ ਡਾਲੀ ਵੱਲ ਚਾਕੂ ਕੀਤਾ ਤਾਂ ਟਹਿਣੀ ਨੇ ਤ੍ਰਬਕ ਕੇ ਕਿਹਾ, "ਫੁੱਲ ਭੋਲਾ ਨਾਦਾਨ ਹੈ, ਮੇਰਾ ਕੁਝ ਨਹੀਂ ਮੈਂ ਸਭ ਕੁਝ ਤਣੇ ਤੋਂ ਲੈਂਦਾ ਹਾਂ।"

ਇਹ ਸੁਣ ਕੇ ਤਣੇ ਨੂੰ ਕੱਟਣ ਲੱਗਾ ਤਦ ਉਸ ਨੇ ਕਿਹਾ," ਮੈਨੂੰ ਸਭ ਕੁਝ ਜੜ੍ਹ ਤੋਂ ਲਭਦਾ ਹੈ, ਉਸ ਤੋਂ ਜੁਦਾ ਹੋ ਕੇ ਸੁੱਕ ਜਾਵਾਂਗਾ।" ਜੜ੍ਹ ਬੋਲੀ "ਤੱਤ ਮਿੱਟੀ ਕੋਲ ਹਨ"। ਮਿੱਟੀ ਨੇ ਕਿਹਾ "ਮੈਂ ਪਾਣੀ ਬਾਂਝ ਨਿਮਾਣੀ ਹਾਂ। ਰੂਪ ਰਸ ਪਾਣੀ ਤੋਂ ਮਿਲਦਾ ਹੈ, ਬੱਦਲ ਜਦ ਤੱਕ ਨਹੀਂ , ਅਰਸ਼ ਵੱਲ ਤੱਕਦੀ ਰਹਿੰਦੀ ਹਾਂ।"

ਰੂਪ ਸੁਗੰਧ ਦੇ ਚਾਹਵਾਨ ਨੇ ਹੈਰਾਨ ਹੋ ਕੇ ਅਰਸ਼ਾਂ ਵੱਲ ਤਕਿਆ, ਤਾਂ ਬੱਦਲਾਂ ਨੇ ਗਰਜ਼ ਕੇ ਕਿਹਾ,"ਸਭ ਕੁਝ ਸੂਰਜ ਦੇ ਵੱਸ ਹੈ। ਉਹੀ ਕਿਰਨਾਂ ਰਾਹੀਂ ਭੰਡਾਰ ਭਰਦਾ ਹੈ।" ਸੂਰਜ ਸੁਣਦਿਆਂ ਹੀ ਕਹਿ ਉਠਿਆ" ਕਿਸੇ ਦਾ ਗੋਲਾ ਹਾਂ, ਜਿਸ ਦੇ ਹੁਕਮ ਵਿਚ ਦਿਨ ਰਾਤ ਕਰੋੜਾਂ ਕੋਹ ਚਲ ਚੁੱਕਾ ਹਾਂ ਤੇ ਚਲਦਾ ਰਹਾਂਗਾ। ਮੇਰੀ ਰੌਸ਼ਨੀ ਜਗਤ ਨੂੰ ਰੂਪ ਦੇਂਦੀ ਹੈ ,ਪਰ ਮੈਨੂੰ ਰੂਪ, ਅਰੂਪ ਤੋਂ ਮਿਲਦਾ ਹੈ।"

ਜਦ ਰਸਕ ਪੁਰਸ਼ ਨੇ ਸਾਰਿਆਂ ਦੇ ਬਿਆਨ ਸੁਣ ਲਏ, ਤਾਂ ਹੈਰਾਨ ਹੋ ਰੂਪ ਵਲੋਂ ਮੂੰਹ ਮੋੜ, ਮੁੜ ਅਰੂਪ ਵੱਲ ਕੀਤਾ, ਤਾਂ ਅਰਸ਼ੋਂ ਆਵਾਜ਼ ਆਈ "ਉਹੀ, ਸਭ ਦਾ ਮੂਲ ਹੈ, ਅਤਿ ਸੁੰਦਰ ਮਨਮੋਹਨ ਪਿਆਰਾ ਹੈ।"

ਗੁਰਮਤਿ ਵਿਚ ਰੱਬ ਨੂੰ ਅਤੇ ਸ੍ਰਿਸ਼ਟੀ ਨੂੰ ਉਸ ਦਾ ਸਰੀਰਕ ਪ੍ਰਗਟਾਅ ਦੱਸਿਆ ਗਿਆ ਹੈ। ਇਸ ਤਰ੍ਹਾਂ ਕੁਦਰਤ ਰਾਹੀਂ ਵੀ ਰੱਬ ਜਾਣਿਆ ਜਾ ਸਕਦਾ ਹੈ ਕਿਉਂਕਿ ਪ੍ਰਗਟਾਅ ਵਿਚ ਰੱਬ ਦੀ ਜੋਤ ਹੀ ਝਲਕਾਂ ਮਾਰ ਰਹੀ ਹੈ। ਇਉਂ ਵੀ ਕਹਿ ਸਕਦੇ ਹਾਂ ਕਿ ਕੁਦਰਤ ਹੀ ਰੱਬ ਦੇ ਪ੍ਰਾਪਤ ਕਰਨ ਵਿਚ ਸਾਧਨ ਹੈ।

ਇਕ ਵਾਰ ਇਕ ਬ੍ਰਾਹਮਣ ਦਾ ਪੰਝੀਂ ਵਰ੍ਹਿਆਂ ਦੀ ਉਮਰ ਵਿਚ ਪੁੱਤਰ ਪੈਦਾ ਹੋਇਆ, ਪਰ ਪੁੱਤਰ ਜੰਮਣ ਦੇ ਦੂਜੇ ਦਿਨ ਬ੍ਰਾਹਮਣ ਰੋਜ਼ੀ ਕਮਾਣ ਲਈ ਵਿਦੇਸ਼ ਚਲਿਆ ਗਿਆ ਅਤੇ ਪੰਝੀ ਵਰ੍ਹੇ ਹੀ ਵਿਦੇਸ਼ ਵਿਚ ਰਿਹਾ, ਜਦ ਤੱਕ ਉਸ ਦਾ ਪੁੱਤਰ ਜੁਆਨ ਹੋ ਚੁੱਕਾ ਸੀ। ਇਕ ਦਿਨ ਇਹ ਜੁਆਨ ਮੁੰਡਾ ਆਪਣੇ ਕਿਸੇ ਕੰਮ

ਲਈ ਕਿਸੇ ਪਿੰਡ ਵਿਚ ਗਿਆ ਅਤੇ ਜਦ ਕੰਮ ਮੁਕਾ ਕੇ ਘਰ ਵਾਪਸ ਆਣ ਲੱਗਾ, ਤਾਂ ਦੂਰ ਹੋਣ ਦੇ ਕਾਰਣ ਰਾਤ ਨੂੰ ਕਿਸੇ ਵਪਾਰੀ ਦੇ ਘਰ ਟਿੱਕ ਗਿਆ। ਇਤਨੇ ਵਿਚ ਇਸ ਦਾ ਬਾਪ ਵੀ ਜੋ ਪੰਝੀਂ ਵਰ੍ਹੇ ਬਾਹਰ ਰਿਹਾ ਸੀ, ਉਹ ਵੀ ਉਸੇ ਵਪਾਰੀ ਦੇ ਘਰ ਆ ਕੇ ਠਹਿਰ ਗਿਆ ਅਤੇ ਰਾਤ ਭਰ ਪਿਤਾ-ਪੁੱਤਰ ਇਕ ਸਾਥ ਲੇਟੇ ਰਹੇ ਪਰ ਇਕ ਦੂਜੇ ਨੂੰ ਪਹਿਚਾਣ ਨਾ ਸਕੇ।

ਪੁੱਤਰ ਸਵੇਰੇ ਉੱਠ ਕੇ ਘਰ ਚਲਿਆ ਆਇਆ, ਪਰ ਬਾਪੂ ਨਹਾ ਧੋ ਕੇ ਕੁਝ ਦੇਰ ਬਾਅਦ ਚੱਲਿਆ, ਇਸ ਕਾਰਣ ਪੁੱਤਰ ਨਾਲੋਂ ਕੁਝ ਚਿਰ ਬਾਅਦ ਅੱਪੜਿਆ। ਜੁਆਨ ਮੁੰਡਾ ਆਪਣੇ ਘਰ ਦੇ ਅੰਦਰ ਖੜ੍ਹਾ ਸੀ। ਮੁੰਡੇ ਨੇ ਬ੍ਰਾਹਮਣ ਨੂੰ ਦੇਖ ਕੇ ਕਿਹਾ, "ਇਹ ਕੌਣ ਸਾਡੇ ਘਰ 'ਚ ਵਾਹੋ ਦਾਹੀ ਘੁਸਿਆ ਆਉਂਦਾ ਹੈ ?"

ਮਾਤਾ ਨੇ ਪੁੱਤਰ ਨੂੰ ਦੱਸਿਆ "ਪੁੱਤਰ ਇਹ ਤੇਰੇ ਪਿਤਾ ਜੀ ਹਨ," ਪੁੱਤਰ ਨੇ ਇਹ ਸੁਣ ਕੇ ਆਪਣੇ ਪਿਤਾ ਨੂੰ ਪ੍ਰਣਾਮ ਕੀਤਾ ਅਤੇ ਕਿਹਾ, "ਮਾਂ ਮੈਂ ਅਤੇ ਪਿਤਾ ਜੀ ਤਾਂ ਰਾਤ ਭਰ ਇਕ ਹੀ ਥਾਂ 'ਤੇ ਲੇਟੇ ਰਹੇ, ਪਰ ਇਕ ਦੂਜੇ ਨੂੰ ਪਛਾਣ ਨਹੀਂ ਸਕੇ। ਤੁਹਾਡੇ ਦੱਸਣ 'ਤੇ ਹੁਣ ਪਤਾ ਲੱਗਾ ਹੈ।"

ਇਸ ਦਾ ਭਾਵ ਇਹ ਹੈ ਕਿ ਜੀਵਾਤਮਾ ਰੂਪੀ ਪੁੱਤਰ ਜੰਮਦਿਆਂ ਹੀ ਪਿਤਾ ਰੱਬ ਨਾਲੋਂ ਅਲੱਗ ਹੋ ਜਾਂਦਾ ਹੈ, ਪਰ ਜਿਸ ਤਰ੍ਹਾਂ ਮਾਤਾ ਜੀ ਨੇ ਪੁੱਤਰ ਨੂੰ ਪਿਤਾ ਦਾ ਗਿਆਨ ਕਰਵਾਇਆ ਸੀ, ਇਸੇ ਤਰ੍ਹਾਂ ਜਦ ਕੁਦਰਤ-ਮਾਤਾ ਪੁੱਤਰ-ਜੀਵਾਤਮਾ ਨੂੰ ਪਿਤਾ ਰੱਬ ਦਾ ਬੋਧ ਕਰਵਾਉਂਦੀ ਹੈ, ਤਾਂ ਇਹ ਛੇਤੀ ਹੀ ਰੱਬ ਨੂੰ ਪਛਾਣ ਲੈਂਦਾ ਹੈ। ਗੁਰੂ ਨਾਨਕ ਦੇਵ ਜੀ ਦੱਸਦੇ ਹਨ :-

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥ ਰਹਾਉ॥
ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ
ਅਕਲ ਕਲਾ ਭਰਪੂਰਿ ਰਹਿਆ॥

ਨਾਸਤਕ ਲੋਕ ਕਹਿੰਦੇ ਹਨ ਕਿ ਰੱਬ ਨਾਂ ਦੀ ਕੋਈ ਚੀਜ਼ ਨਹੀਂ। ਉਹ ਕਹਿੰਦੇ ਹਨ ਕਿ 1947 ਵਿਚ ਹਿੰਦ-ਪਾਕਿ ਬਟਵਾਰੇ ਸਮੇਂ ਰੱਬ ਦੇ ਨਾਮ 'ਤੇ ਕਤਲ ਹੋਏ

ਅਤੇ 30 ਲੱਖ ਵਿਅਕਤੀ ਮਾਰੇ ਗਏ ਅਤੇ ਕਰੋੜਾਂ ਰੁਪਿਆਂ ਦੀ ਆਰਥਕ ਹਾਨੀ ਹੋਈ। ਰੱਬ ਨੇ ਇਸ ਨੂੰ ਰੋਕਿਆ ਕਿਉਂ ਨਾ ? ਇਸੇ ਤਰ੍ਹਾਂ ਅਰਬ, ਇਜ਼ਰਾਈਲ ਅਤੇ ਆਇਰਲੈਂਡ ਵਿਚ ਰੱਬ ਨੇ ਖ਼ੂਨ ਡੋਲ੍ਹਣ ਵਿਚ ਕਿਉਂ ਨਾ ਰੁਕਾਵਟ ਪਾਈ ? ਕੈਥੋਲਿਕ ਅਤੇ ਪ੍ਰੋਟੈਸਟੈਂਟ ਕਿਉਂ ਲੜਾਏ ਜਾਂ ਲੜਨ ਦਿੱਤੇ ? ਜੇ ਰੱਬ ਸਭ ਕੁਝ ਕਰਵਾ ਰਿਹਾ ਹੈ ਤਾਂ ਕਿਉਂ? ਫਿਰ ਕਹਿੰਦੇ ਹਨ ਕਿ ਮੰਦਰ,ਗਿਰਜਿਆਂ ਵਿਚ ਚੋਰੀਆਂ ਕਿਉਂ ਹੁੰਦੀਆਂ ਹਨ? ਰੱਬ 'ਤੇ ਨਿਸ਼ਚਾ ਕਰਨਾ ਪਿਛਾਂਹ-ਖਿਚੂ ਹੋਣ ਦੀ ਨਿਸ਼ਾਨੀ ਹੈ,ਜੋ ਪ੍ਰਗਤੀ ਦੇ ਰਾਹ ਅਤੇ ਸਾਇੰਸ ਦੇ ਵਿਕਾਸ ਵਿਚ ਬਾਧਕ ਬਣਦੀ ਹੈ। ਫਿਰ ਕਹਿੰਦੇ ਹਨ ਕਿ ਜੇ ਰੱਬ ਕਿਰਪਾਲੂ ਹੈ, ਤਾਂ ਭੁਚਾਲ ਕਿਉਂ ਲਿਆਂਦਾ ਹੈ ? ਰੱਬ ਚੋਰਾਂ, ਵਿਭਚਾਰੀਆਂ ਦੇ ਦਿਲਾਂ ਵਿਚ ਬੈਠਕੇ ਪੁੱਠੇ ਕੰਮ ਕਰਨ ਦੀ ਆਗਿਆ ਕਿਉਂ ਦਿੰਦਾ ਹੈ ? ਜੇ ਰੱਬ ਅੱਛਾਈ ਹੈ ਤਾਂ ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ ਅਤੇ ਨਿਰਦਇਤਾ ਆਦਿ ਬੁਰਾਈਆਂ ਕਿਉਂ ਪੈਦਾ ਹੋਣ ਦੇਂਦਾ ਹੈ ?

ਕਹਿੰਦੇ ਹਨ ਕਿ ਇਹ ਦੁਨੀਆਂ ਦੇ ਨਾਲ ਮਜ਼ਾਕ ਹੈ ਕਿ ਰੱਬ ਨੇ ਮਨੁੱਖ ਦੇ ਮੁਕਾਬਲੇ ਵਿਚ ਖ਼ੂਨਖਾਰ ਪਸ਼ੂ ਸ਼ੇਰ ਆਦਿ ਕਿਉਂ ਪੈਦਾ ਕੀਤੇ, ਮਨੁੱਖ ਨੂੰ ਮਾਰਨ ਲਈ ? ਇਹ ਸਭ ਰੱਬ ਦਾ ਬਣਾਇਆ ਊਟ-ਪਟਾਂਗ ਹੈ। ਚੇਰਾਪੂੰਜੀ ਵਿਚ ਵਧ ਬਾਰਸ਼ ਅਤੇ ਅਰਬ ਦੇਸ਼ ਸੋਕੇ ਦੇ ਮਾਰੇ ਹੋਏ ਹਨ। ਇਸ ਲਈ ਰੱਬ ਵਰਗੀ ਕੋਈ ਸ਼ੈਅ ਨਹੀਂ ਹੈ। ਨਾਸਤਕਾਂ ਦਾ ਵਿਸ਼ਵਾਸ ਹੈ ਕਿ ਸਭ ਕੁਝ ਹਵਾ, ਅੱਗ, ਪਾਣੀ, ਧਰਤੀ, ਅਕਾਸ਼ ਆਦਿ ਤੋਂ ਸੁਭਾਵਿਕ ਹੀ ਆਪੇ ਹੋਂਦ ਵਿਚ ਆ ਗਿਆ। ਇਹ ਸਭ ਕੁਝ ਪ੍ਰਮਾਣੂਆਂ ਦੇ ਯੋਗ ਨਾਲ ਬਣਿਆ ਹੈ। ਰੱਬ ਦਾ ਕੋਈ ਹੱਥ ਨਹੀਂ ਹੈ।

ਇਕ ਵਾਰ ਦੀ ਗੱਲ ਹੈ ਕਿ ਚਾਚਾ ਨਾਸਤਿਕ ਸੀ ਤੇ ਭਤੀਜਾ ਆਸਤਿਕ । ਉਹਨਾਂ ਦੀ ਆਪਸ ਵਿਚ ਬਹਿਸ ਹੋ ਪਈ। ਚਾਚੇ ਨੇ ਭਤੀਜੇ ਨੂੰ ਦਲੀਲਾਂ ਦੇ-ਦੇ ਕੇ ਪਰੇਸ਼ਾਨ ਕਰ ਦਿੱਤਾ। ਭਤੀਜੇ ਨੇ ਬੁੱਧੀ ਦਾ ਪ੍ਰਯੋਗ ਕਰ ਕੇ ਦਲੀਲਾਂ ਦਾ ਜਵਾਬ ਦਲੀਲਾਂ ਨਾਲ ਦੇਣਾ ਚਾਹਿਆ। ਰੱਬ ਅਨੁਭਵ ਤੋਂ ਬਿਨਾਂ ਜਾਣਨਾ ਔਖਾ ਹੈ। ਭਤੀਜਾ ਕੁਝ ਦਿਨਾਂ ਤੋਂ ਬਾਅਦ ਖਾਣੇ ਦੇ ਟੇਬਲ 'ਤੇ ਆਪਣੇ ਚਾਚੇ ਨਾਲ ਬੈਠਾ ਹੀ ਸੀ ਅਤੇ ਉਸ ਦੀ ਕੱਛ (ਬਗਲ ਵਿਚ) ਇਕ ਅਤਿ ਸੁੰਦਰ ਚਿੱਤਰ (Painting) ਸੀ । ਚਾਚੇ ਨੇ ਭਤੀਜੇ ਪਾਸੋਂ ਚਿੱਤਰ ਖੋਹ ਲਿਆ ਅਤੇ ਪੁਛਿਆ, "ਬੇਟੇ

ਚਿੱਤਰ ਕਿਸਨੇ ਬਣਾਇਆ ਹੈ ? ਚਿੱਤਰ ਅਤਿ ਸੁੰਦਰ ਹੈ"। ਭਤੀਜੇ ਨੇ ਉੱਤਰ ਦਿੱਤਾ "ਚਾਚਾ ਜੀ ਮੇਰੇ ਟ੍ਰੇਨਿੰਗ ਸਕੂਲ ਵਿਚ ਇਕ ਬਹੁਤ ਵੱਡਾ ਮੇਜ਼ ਹੈ, ਉਸ 'ਤੇ ਇਕ ਵਧੀਆ ਫੁਲਸਕੇਪ ਕਾਗਜ਼ ਪਿਆ ਸੀ, ਨਾਲ ਹੀ ਰੰਗੀਨ ਪੈਂਸਲਾਂ ਰੱਖੀਆਂ ਸਨ, ਨੇੜੇ ਹੀ ਬੁਰਸ਼ ਅਤੇ ਰੰਗ ਪਏ ਸਨ ਅਤੇ ਮੇਜ਼ ਉੱਤੇ ਹੀ ਪੈੱਨ ਪਏ ਸਨ। ਬਸ ਸੁਭਾਵਿਕ ਹੀ ਸਾਰੇ ਹਰਕਤ ਵਿਚ ਆ ਗਏ। ਝਟ ਆਪਣੇ ਆਪ ਹੀ ਇਹ ਚਿੱਤਰ ਖਿਚਿਆ ਗਿਆ।"

ਇਹ ਸੁਣ ਕੇ ਚਾਚੇ ਨੇ ਕਿਹਾ,"ਭਲਾ ਇਹ ਕਿਵੇਂ ਹੋ ਸਕਦਾ ਹੈ,ਬਿਨਾਂ ਕਿਸੇ ਦੇ ਬਣਾਏ ਏਨੀ ਸੁੰਦਰ ਸ਼ਕਲ ਆਪਣੇ ਆਪ ਖਿੱਚੀ ਜਾਵੇ"? ਤਾਂ ਫਿਰ ਭਤੀਜੇ ਨੇ ਕਿਹਾ ਕਿ "ਜੇ ਇਹ ਚਿੱਤਰ ਜਾਂ ਸ਼ਕਲ ਬਿਨਾਂ ਕਿਸੇ ਖਿੱਚਣ ਜਾਂ ਬਨਾਉਣ ਵਾਲੇ ਦੇ ਨਹੀਂ ਬਣ ਸਕਦੀ,ਤਾਂ ਫਿਰ ਇਹ ਸੰਸਾਰ ਵੀ ਬਿਨਾਂ ਕਿਸੇ ਕਰਤੇ ਦੇ ਆਪਣੇ ਆਪ ਸੁਭਾਵਕ ਨਹੀਂ ਬਣ ਸਕਦਾ। ਇਸ ਦਾ ਕੋਈ ਬਣਾਉਣ ਵਾਲਾ ਹੈ। ਇਸ ਦਾ ਕੋਈ ਚਲਾਉਣ ਵਾਲਾ ਹੈ। ਇਸ ਦਾ ਕੋਈ ਸਾਜਣ ਵਾਲਾ ਹੈ।" ਉਸ ਤੋਂ ਬਾਅਦ ਚਾਚਾ ਸ਼ਰਮਿੰਦਾ ਹੋ ਕੇ ਚੁੱਪ ਕਰ ਗਿਆ।

## ਰੱਬ ਕਿੰਨੇ ਕੁ ਹਨ ?

ਆਮ ਇਹ ਸਮਝਿਆ ਜਾਂਦਾ ਹੈ ਕਿ ਹਿੰਦੂਆਂ ਦਾ ਰਾਮ, ਸਿੱਖਾਂ ਦਾ ਵਾਹਿਗੁਰੂ, ਮੁਸਲਮਾਨਾਂ ਦਾ ਅੱਲਾ, ਇਸਾਈਆਂ ਦਾ ਗਾਡ, ਇਹ ਵੱਖੋ ਵੱਖਰੇ ਰੱਬ ਹਨ, ਪਰ ਗੁਰਬਾਣੀ ਅਤੇ ਵਿਗਿਆਨਕ ਤੌਰ 'ਤੇ ਵੀ ਇਹ ਗੱਲ ਸਾਫ਼, ਸਪੱਸ਼ਟ, ਸੱਚੀ ਤੇ ਸਿੱਧੀ ਹੈ ਕਿ ਰੱਬ ਕੇਵਲ ਤੇ ਕੇਵਲ ਇਕੋ ਹੈ । ਉਸ ਰੱਬ ਦਾ ਗੁਣ ਸਭ ਤੋਂ ਵੱਡਾ ਇਹੋ ਹੈ ਕਿ ਰੱਬ ਕੇਵਲ ਇਕ ਹੈ। ਉਸ ਜਿਹਾ ਹੋਰ ਕੋਈ ਹੈ ਹੀ ਨਹੀਂ । ਦੇਵੀ ਦੇਵਤਿਆਂ ਦੇ ਸਰੂਪ ਤੇ ਸੰਕਲਪ ਮਨਘੜਤ ਹਨ, ਰੱਬੀ ਸ਼ਕਤੀਆਂ ਜ਼ਰੂਰ ਹਨ, ਪਰ ਰੱਬ ਦਾ ਸ਼ਰੀਕ ਕੋਈ ਨਹੀਂ। ਭਾਰਤ, ਪਾਕਿਸਤਾਨ ਜਾਂ ਰੂਸ, ਅਮਰੀਕਾ ਦੇ ਲੋਕਾਂ ਦਾ ਰੱਬ ਵੱਖੋ ਵੱਖ ਨਹੀਂ । ਸਾਰੀਆਂ ਥਾਂਵਾਂ 'ਤੇ ਸਭ ਦੇਸ਼ਾਂ, ਧਰਤੀਆਂ, ਆਕਾਸ਼ਾਂ, ਪਾਤਾਲਾਂ ਦਾ ਇਕੋ ਇਕ ਹੀ ਰੱਬ ਹੈ ।

# ਕਰਤਾ ਅਤੇ ਖੋਜੀ

-ਡਾ. ਕੁੰਦਨ ਸਿੰਘ

ਆਦਮੀ ਭਾਵੇਂ ਤਕੜੇ ਤੋਂ ਤਕੜਾ ਹੋਵੇ, ਉਹ ਭੀ ਆਪਣੇ ਆਪ ਤੋਂ ਬਾਹਰ ਕਿਸੇ ਦਾ ਆਸਰਾ ਲੈਣ ਦੀ ਲੋੜ ਅਨੁਭਵ ਕਰਦਾ ਹੈ ਅਤੇ ਉਸਨੂੰ ਭੀ ਆਪਣੇ ਆਪ ਨੂੰ ਬਚਾਉਣ ਵਾਸਤੇ ਦੂਸਰਿਆਂ ਦੀ ਲੋੜ ਹੈ ।

ਅੱਜ ਦੀ ਮਨੁੱਖਤਾ ਭੀ ਸਦਾ ਵਾਂਗ ਹੀ ਦੋ ਭਾਗਾਂ ਵਿਚ ਵੰਡੀ ਹੋਈ ਹੈ ।ਇਕ ਅਕਾਲ ਪੁਰਖ (ਰੱਬ) ਦੀ ਹੋਂਦ ਨੂੰ ਨਾ ਮੰਨਣ ਵਾਲੇ ਅਤੇ ਦੂਸਰੇ ਮੰਨਣ ਵਾਲੇ। ਜਿਹੜਿਆਂ ਦੇਸ਼ਾਂ ਵਿਚ ਰੱਬ ਦੀ ਹੋਂਦ ਨੂੰ ਨਹੀਂ ਮੰਨਿਆ ਜਾਂਦਾ, ਉਥੇ ਉਥੋਂ ਦੇ ਅਧਿਕਾਰੀਆਂ (ਡਿਕਟੇਟਰ ਰਾਜਾ ਜਾਂ ਹੁਕਮਰਾਨ) ਦਾ ਪ੍ਰਭਾਵ ਲੋਕਾਂ ਦੇ ਮਨਾਂ 'ਤੇ ਉਭਾਰਿਆ ਜਾਂਦਾ ਹੈ, ਤਾਂ ਜੋ ਲੋਕ ਉਸ ਨੂੰ ਸਭ ਕੁਝ ਸਮਝ ਕੇ ਉਸ ਦਾ ਆਸਰਾ ਲੈਣ ।ਪ੍ਰਾਚੀਨ ਸਮਿਆਂ ਤੋਂ ਭੀ ਐਸੀਆਂ ਉਦਾਹਰਨਾਂ ਮਿਲਦੀਆਂ ਹਨ, ਜਿਵੇਂ ਹਰਨਾਕਸ਼ ਆਦਿ ।ਇਸ ਵਾਸਤੇ ਬਹੁਤ ਜ਼ੋਰਦਾਰ ਪ੍ਰਚਾਰ ਕੀਤਾ ਜਾਂਦਾ ਹੈ ।ਅਧਿਕਾਰੀ ਅੱਗੋ ਆਪਣੀਆਂ ਫ਼ੌਜਾਂ ਅਤੇ ਫ਼ੌਜੀ ਤਾਕਤ ਤੋਂ ਆਸਰਾ ਲੈਂਦਾ ਹੈ ।ਉਹਦੇ ਮਰਨ ਜਾਂ ਹਟ ਜਾਣ ਪਿਛੋਂ ਆਗੂ ਦਾ ਮੁੱਲ ਪਾਇਆ ਜਾਂਦਾ ਹੈ ਕਿ ਪਹਿਲੋਂ ਨਾਲੋਂ ਹੁਣ ਵਾਲਾ ਜ਼ਿਆਦਾ ਚੰਗਾ ਹੈ ।

ਰੱਬ ਦੀ ਹੋਂਦ ਵਿਚ ਯਕੀਨ ਰੱਖਣ ਵਾਲੇ ਲੋਕ ਸਦਾ ਅਕਾਲ ਪੁਰਖ ਵਾਹਿਗੁਰੂ ਦਾ ਆਸਰਾ ਤੱਕਦੇ ਹਨ ਅਤੇ ਇਹ ਆਸਰਾ ਸਦਾ ਰਹਿਣ ਵਾਲਾ ਸਮਝਿਆ ਜਾਂਦਾ ਹੈ ।ਇਹ ਇਕ ਅਚੰਭੇ ਦੀ ਗੱਲ ਹੈ ਕਿ ਹਰ ਇਨਸਾਨ ਆਪਣੇ ਆਪ ਤੋਂ ਬਾਹਰ ਆਸਰਾ ਲੈਣ ਦੀ ਲੋੜ ਕਿਉਂ ਸਮਝਦਾ ਹੈ ? ਏਸ ਵਾਸਤੇ ਪ੍ਰਾਚੀਨ ਸਮਿਆਂ ਤੋਂ ਸਬੂਤ ਮਿਲਦੇ ਹਨ ਕਿ ਮਨੁੱਖ ਜਿਨ੍ਹਾਂ ਚੀਜ਼ਾਂ ਤੋਂ ਲਾਭ ਪ੍ਰਾਪਤ ਕਰਦਾ ਸੀ, ਉਹਨਾਂ ਨੂੰ ਖੁਸ਼ ਕਰਨ ਲਈ, ਉਹਨਾਂ ਨੂੰ ਦੇਵੀ-ਦੇਵਤਾ ਜਾਣ ਕੇ ਉਹਨਾਂ ਦੀ ਪੂਜਾ ਕਰਦਾ ਸੀ, (primitive religion ) ਜਿਵੇਂ ਸੂਰਜ,

ਅੱਗ, ਪਾਣੀ ਅਤੇ ਜਾਨਵਰਾਂ ਆਦਿ ਦੀ ਪੂਜਾ ਕਰਨਾ ।

ਮਨੁੱਖ ਨੇ ਜਦੋਂ ਤੋਂ ਹੀ ਹੋਸ਼ ਸੰਭਾਲੀ ਹੈ, ਉਹ ਇਸ ਚੀਜ਼ ਨੂੰ ਹੈਰਾਨੀ ਨਾਲ ਸੋਚਦਾ ਹੈ ਕਿ ਉਹ ਕੌਣ ਹੈ, ਕਿਥੋਂ ਆਇਆ ਹੈ ਅਤੇ ਕਿਥੇ ਜਾਏਗਾ ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਦਾ ਉੱਤਰ ਆਪਣੀ ਬਾਣੀ ਵਿਚ ਦੇਂਦੇ ਹਨ :

ਜੈਸੇ ਏਕ ਨਾਦ ਤੇ ਤੁਰੰਗ ਕੋਟ ਉਪਜਤ ਹੈ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ ।।
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇਆ,
ਤਾਹੀ ਤੇ ਉਪਜ ਸਬੈ ਤਾਹੀ ਮਹਿ ਸਮਾਹਿਗੇ ।।

ਅੱਜ ਦੇ ਯੁੱਗ ਵਿਚ ਮਨੁੱਖਤਾ ਨੇ ਬੜੀਆਂ ਕਾਢਾਂ ਕੱਢੀਆਂ ਹਨ ਅਤੇ ਸਾਇੰਸ ਨੇ ਮਨੁੱਖਤਾ ਦਾ ਯਕੀਨ ਅਕਾਲ ਪੁਰਖ ਦੀ ਹੋਂਦ ਚੋਂ ਕਾਫ਼ੀ ਘੱਟ ਕੀਤਾ ਹੈ, ਪਰ ਅਸੀਂ ਭੁਲ ਜਾਂਦੇ ਹਾਂ ਕਿ ਮਨੁੱਖ ਖ਼ੋਜੀ (investigator) ਹੈ, ਕਰਤਾ (creator) ਨਹੀਂ ਹੈ । ਮਨੁੱਖ ਨੇ ਪਹਿਲੀਆਂ ਚੀਜ਼ਾਂ (pre-existing) ਨੂੰ ਹੀ ਵਰਤ ਕੇ ਖ਼ੋਜ ਕੀਤੀ ਹੈ । ਆਪ ਕੋਈ ਨਵੀਂ ਚੀਜ਼ ਨਹੀਂ ਬਣਾਈ । ਮਿਸਾਲ ਵਜੋਂ ਮਿੱਟੀ ਮਨੁੱਖ ਜਾਂ ਕਿਸੇ ਹੋਰ ਨੇ ਨਹੀਂ ਬਣਾਈ । ਸਾਇੰਸ (science) ਦਾ ਆਪਣਾ ਬਣਾਇਆ ਹੋਇਆ ਅਸੂਲ ਆਖਦਾ ਹੈ :

**" Matter can neither be created nor destroyed by any known physical means, though it may change from one state to another !"**

ਅਰਥਾਤ "ਮਾਦੇ (ਕੋਈ ਵਸਤੂ ਜੋ ਭਾਰ ਰੱਖਦੀ ਹੈ ਅਤੇ ਥਾਂ ਘੇਰਦੀ ਹੈ, (matter) ਨੂੰ ਕਿਸੇ ਭੀ ਜਾਣੇ ਹੋਏ ਜ਼ਾਹਿਰੀ ਜਾਂ ਰਸਾਇਣਿਕ ਵਸੀਲੇ ਨਾਲ ਨਾ ਪੈਦਾ ਕੀਤਾ ਜਾ ਸਕਦਾ ਹੈ, ਨਾ ਨਸ਼ਟ ਕੀਤਾ ਜਾ ਸਕਦਾ ਹੈ । ਇਹ ਇਕ ਹਾਲਤ ਤੋਂ ਦੂਜੀ ਵਿਚ ਬਦਲ ਭਾਵੇਂ ਜਾਏ ।"

ਸਾਰਾ ਬ੍ਰਹਿਮੰਡ ਮਾਦੇ ਦਾ ਹੀ ਬਣਿਆ ਹੋਇਆ ਹੈ । ਜਿਵੇਂ ਪਾਣੀ ਬਰਫ਼

ਅਤੇ ਭਾਫ਼ ਵਿਚ ਬਦਲ ਸਕਦਾ ਹੈ ਅਤੇ ਬਿਜਲੀ ਦਾ ਚੰਗਿਆੜਾ (spark) ਅੱਗ ਲਾਉਣ 'ਤੇ ਆਕਸੀਜ਼ਨ (oxygen) ਅਤੇ ਹਾਈਡਰੋਜ਼ਨ (hydrogen) ਵਿਚ ਬਦਲਿਆ ਜਾ ਸਕਦਾ ਹੈ, ਪਰ ਮਾਦੇ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ।

## ਸਭ ਕੁਝ ਇਕੋ ਵਾਰ

ਇਹ ਸਾਰਾ ਮਾਦਾ ਬਨਾਉਣ ਵਾਲੇ ਨੇ ਇਕੋ ਵਾਰ ਹੀ ਬਣਾ ਛੱਡਿਆ ਹੈ। ਉਹਨੂੰ ਘੜੀ-ਘੜੀ ਬਣਾਉਣ ਦੀ ਲੋੜ ਨਹੀਂ ਪੈਂਦੀ। ਉਦਾਹਰਨ ਵਜੋਂ ਆਕਸੀਜ਼ਨ ਪ੍ਰਾਪਤ ਹੁੰਦੀ ਰਹਿੰਦੀ ਹੈ ਅਤੇ ਆਪਣੇ ਆਪ ਹੀ ਫੇਰ ਪੂਰੀ ਮਾਤਰਾ ਵਿਚ ਉਤਪਤ (replenish )ਹੁੰਦੀ ਰਹਿੰਦੀ ਹੈ ਅਤੇ ਇਸ ਦਾ ਪ੍ਰਬੰਧ ਇਕੋ ਵਾਰ ਹੀ ਐਸਾ ਕੀਤਾ ਹੋਇਆ ਹੈ ਕਿ ਕਦੇ ਘਾਟਾ ਨਹੀਂ ਆਉਂਦਾ। ਏਸੇ ਤਰ੍ਹਾਂ ਹੋਰ ਪਦਾਰਥਾਂ ਦੀ ਕਹਾਣੀ ਹੈ। ਹਰ ਪਦਾਰਥ ਦੇ ਚੱਕਰ ਬਣੇ ਹੋਏ ਹਨ। ਅਸੀਂ ਖੋਜੀ ਨੂੰ ਤਾਂ ਬਹੁਤ ਮਹਾਨਤਾ ਦੇਂਦੇ ਹਾਂ, ਪਰ ਕਰਤੇ (creator) ਦਾ ਨਾਂ ਤੱਕ ਨਹੀਂ ਲੈਂਦੇ। ਇਹ ਮੰਨਣ ਵਾਲੀ ਗੱਲ ਹੈ ਕਿ ਖੋਜੀ ਸਾਧਾਰਣ ਮਨੁੱਖ ਨਾਲੋਂ ਬਹੁਤ ਜ਼ਿਆਦਾ ਜਾਣਦਾ ਹੈ, ਪਰ ਉਹ ਸਭ ਕੁਝ ਨਹੀਂ ਜਾਣਦਾ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਖੋਜੀ ਮਨੁੱਖ ਕਰਤਾ ਨਹੀਂ, ਕਰਤਾ ਕੋਈ ਹੋਰ ਹੈ। ਇਹ ਵਰਤਮਾਨ ਕਾਢਾਂ ਜਿਵੇਂ ਕਿ ਐਟਮ ਬੰਬ (atomic bomb) ਹਵਾਈ ਜਹਾਜ਼, ਰਾਕਟ (rocket) ਆਦਿ ਬਹੁਤ ਸਮਾਂ ਪਹਿਲਾਂ ਭੀ ਬਣ ਸਕਦੇ ਸਨ। ਜ਼ਰੂਰੀ ਮਸਾਲਾ (material) ਅਤੇ ਅਸੂਲਾਂ ਦੀ ਯੋਗ ਢੰਗ ਨਾਲ ਵਰਤੋਂ ਕਰਕੇ ਇਹ ਚੀਜ਼ਾਂ ਬਣ ਸਕਦੀਆਂ ਹਨ।

ਅੱਜ ਮਨੁੱਖ ਬ੍ਰਹਿਮੰਡ ਦੇ ਕਾਰੋਬਾਰ ਦੇ ਪ੍ਰਬੰਧ ਦੀ ਵਿਆਖਿਆ ਕਰਨ ਦਾ ਵੀ ਬਹੁਤ ਯਤਨ ਕਰਦਾ ਹੈ। ਉਦਾਹਰਨ ਵਜੋਂ ਹਜ਼ੂਰ ਦਾ ਫ਼ੁਰਮਾਨ ਹੈ :

**ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥**

ਅਰਥਾਤ ਇਸ ਧਰਤੀ ਨੂੰ ਗਰਮੀ ਅਤੇ ਰੌਸ਼ਨੀ ਦੇਣ ਵਾਲਾ ਸੂਰਜ ਇਕੋ ਹੈ ਪਰ ਰੁੱਤਾਂ (ਮੌਸਮ) ਕਈ ਹਨ। ਹੇ ਨਾਨਕ ! ਕਰਤੇ ਦੇ ਕਈ ਰੂਪ ਹਨ।

ਸਾਇੰਸ ਦੇ ਅਸੂਲ ਅਨੁਸਾਰ ਧਰਤੀ ਦੇ ਗਿਰਦ ਦੋ ਤਰ੍ਹਾਂ ਦੀ ਹਰਕਤ ਨਾਲ, ਇਹ ਸੂਰਜ ਦੇ ਚਾਰ ਚੁਫੇਰੇ ਅਤੇ ਦੂਰ ਨੇੜੇ ਘੁੰਮਦੀ ਹੈ। ਇਕ ਹਰਕਤ ਨਾਲ ਦਿਨ ਅਤੇ ਰਾਤ ਅਤੇ ਦੂਸਰੀ ਨਾਲ ਰੁੱਤਾਂ ਬਣਦੀਆਂ ਹਨ। ਘੁੰਮਣ ਵਾਸਤੇ ਇਹ ਅਥਾਹ ਸ਼ਕਤੀ ਕਿਥੋਂ ਆਉਂਦੀ ਹੈ, ਜੋ ਜ਼ਮੀਨ ਨੂੰ ਬਣਨ ਤੋਂ ਲੈ ਕੇ ਅੱਜ ਤੱਕ ਘੁਮਾਈ ਚਲੀ ਆ ਰਹੀ ਹੈ ਅਤੇ ਇਸ ਵਿਚ ਕੋਈ ਘਾਟ ਹੁੰਦੀ ਨਜ਼ਰ ਨਹੀਂ ਆਉਂਦੀ, ਪਰ ਮਨੁੱਖ ਨੂੰ ਹਰ ਵੇਲੇ ਕਦੇ ਬਿਜਲੀ ਦੀ, ਕਦੇ ਤੇਲ ਦੀ ਅਤੇ ਕਦੇ ਕਿਸੇ ਹੋਰ ਸ਼ਕਤੀ ਦੇ ਘਾਟੇ ਦੇ ਸੰਕਟ ਦੀ ਚਿੰਤਾ ਲੱਗੀ ਰਹਿੰਦੀ ਹੈ।

ਏਸੇ ਤਰ੍ਹਾਂ ਸਾਇੰਸ ਦਸਦੀ ਹੈ ਕਿ ਸੂਰਜ ਵਿਚ ਹਾਈਡਰੋਜ਼ਨ ਗੈਸ ਰਲਣ ਨਾਲ ਗਰਮੀ ਪੈਦਾ ਹੁੰਦੀ ਹੈ, ਪਰ ਇਹ ਹਾਈਡਰੋਜ਼ਨ ਦਾ ਕਦੇ ਨਾ ਸੁਕਣ ਵਾਲਾ ਜ਼ਖੀਰਾ ਕਿਸ ਨੇ ਬਣਾ ਦਿੱਤਾ, ਜੋ ਕਰੋੜਾਂ ਸਾਲਾਂ ਤੋਂ ਅਖੁੱਟ ਚਲਿਆ ਆ ਰਿਹਾ ਹੈ। ਇਹ ਕਿਸੇ ਮਨੁੱਖ ਨੇ ਤਾਂ ਬਣਾਇਆ ਹੀ ਨਹੀਂ।

ਫ਼ਰੈਡਮੈਨ (Fradman) ਦੇ ਕਥਨ ਅਨੁਸਾਰ 'ਪਿਛਲੇ ਸੌ ਸਾਲ ਦੇ ਤਜ਼ਰਬਿਆਂ ਤੋਂ ਪਤਾ ਲਗਦਾ ਹੈ ਕਿ ਇਸ ਸਮੇਂ ਵਿਚ ਸੂਰਜ ਦੀ ਸ਼ਕਤੀ ਵਿਚ ਜ਼ਰਾ ਭਰ ਵੀ ਤਬਦੀਲੀ ਨਹੀਂ ਆਈ।' ਅੱਜ ਦਾ ਮਨੁੱਖ ਆਖਦਾ ਹੈ ਕਿ ਕੀਤੇ ਬਿਨਾਂ ਕੁਝ ਨਹੀਂ ਹੋ ਸਕਦਾ। ਇਹ ਬਿਲਕੁਲ ਠੀਕ ਗੱਲ ਹੈ। ਯਤਨ ਤੋਂ ਬਿਨਾਂ ਅਤੇ ਠੀਕ ਵਾਤਾਵਰਨ ਬਣਾਏ ਬਿਨਾਂ ਕਣਕ ਦਾ ਇਕ ਦਾਣਾ ਭੀ ਨਹੀਂ ਉਗ ਸਕਦਾ। ਯਤਨ ਕਰਨ ਨਾਲ ਹੀ ਕਰੋੜਾਂ ਮਣ ਕਣਕ ਉਪਜਦੀ ਹੈ।

ਪਰ ਕੀ ਇਸ ਸਾਰੇ ਬ੍ਰਹਿਮੰਡ ਦਾ ਪ੍ਰਬੰਧ ਚਲਾਉਣ ਵਾਲਾ ਕੋਈ ਨਹੀਂ? ਕੀ ਏਡੇ ਵੱਡੇ ਸਿਲਸਿਲੇ ਦਾ ਕੰਮ ਏਡੀ ਰੀਤੀ (systematically) ਅਤੇ ਬਾਕਾਇਦਗੀ (punctuality) ਨਾਲ ਬਗ਼ੈਰ ਚਲਾਉਣ ਵਾਲੇ ਤੋਂ ਹੀ ਚੱਲ ਰਿਹਾ ਹੈ? ਇਹ ਦਿਨ-ਰਾਤ, ਗਰਮੀ-ਸਰਦੀ ਅਤੇ ਹੋਰ ਸਭ ਕੁਝ ਸਮੇਂ ਦੇ ਪਾਬੰਦ ਹੋ ਕੇ ਕਿਵੇਂ ਚਲ ਰਹੇ ਹਨ? ਮਿਸਾਲ ਵਜੋਂ ਸੂਰਜ ਚੜ੍ਹਨ ਜਾਂ ਡੁੱਬਣ ਦਾ ਸਮਾਂ ਸੈਂਕੜੇ ਸਾਲਾਂ ਦੀਆਂ ਡਾਇਰੀਆਂ ਕਿਸੇ ਇਕ ਦਿਨ 'ਤੇ ਉਹੀ ਦੱਸਦੀਆਂ ਹਨ ਅਤੇ ਇਕ ਸਕਿੰਟ ਦਾ ਅੱਗਾ-ਪਿੱਛਾ ਨਹੀਂ ਹੁੰਦਾ।

## ਛੁੱਟੀਆਂ

ਕਰਤੇ ਦੇ ਕੰਮ ਵਿਚ ਕਦੇ ਛੁੱਟੀ ਨਹੀਂ ਹੁੰਦੀ। ਨੌਕਰੀਆਂ ਕਰਨ ਵਾਲੇ ਲੋਕ ਸਮੇਂ ਸਿਰ ਨੌਕਰੀ 'ਤੇ ਪੁੱਜਣ ਦੇ ਚਾਰੇ ਵਿਚ ਲੱਗੇ ਰਹਿੰਦੇ ਹਨ,ਤਾਂ ਜੋ ਉਹਨਾਂ ਦੀ ਤਨਖ਼ਾਹ ਨਾ ਕੱਟੀ ਜਾਏ, ਜਾਂ ਵੱਡਾ ਅਫ਼ਸਰ ਕਿਤੇ ਨਾਰਾਜ਼ ਨਾ ਹੋ ਜਾਏ, ਪਰ ਉਹ ਫੇਰ ਭੀ ਕਈ ਵਾਰ ਕੰਮ ਤੋਂ ਲੇਟ ਹੋ ਜਾਂਦੇ ਹਨ। ਪਰ ਸੂਰਜ, ਚੰਦ, ਰੁੱਤਾਂ ਆਦਿ ਕਦੇ ਨਹੀਂ ਪੱਛੜਦੀਆਂ। ਕੀ ਇਹ ਕਿਸੇ ਦੇ ਅਧੀਨ ਨਹੀਂ ਹੁੰਦੀਆਂ ? ਇਸ ਪਰਥਾਏ ਗੁਰੂ ਜੀ ਦਾ ਫ਼ੁਰਮਾਨ ਹੈ :

**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥**

ਬ੍ਰਹਿਮੰਡ ਬਾਰੇ ਕਿਆਸ theory) ਹੈ ਕਿ ਇਹ ਆਕਾਰ ਪਹਿਲਾਂ ਇਕ ਗੋਲੇ ਦੀ ਸ਼ਕਲ ਵਿਚ ਸੀ ਅਤੇ ਅਚਾਨਕ (suddenly) ਗੋਲੇ ਵਿਚ ਇੱਕ ਜ਼ੋਰ ਦਾ ਧਮਾਕਾ ਹੋਇਆ ਅਤੇ ਗੋਲਾ ਫਟਣ ਨਾਲ ਇਹ ਸਾਰਾ ਬ੍ਰਹਿਮੰਡ ਬਣ ਗਿਆ (bigbang theory)। ਜੇ ਅਸੀਂ ਏਸੇ ਸ਼ਰਤ 'ਤੇ ਕਾਇਮ ਰਹੀਏ ਕਿ ਕੀਤੇ ਬਿਨਾਂ ਕੁਝ ਨਹੀਂ ਹੋ ਸਕਦਾ ਅਤੇ ਏਸੇ ਵੱਡੇ ਧਮਾਕੇ (big bang) ਦੇ ਕਿਆਸ ਨੂੰ ਮੰਨ ਲਈਏ,ਤਾਂ ਖਿਆਲ ਆਉਂਦਾ ਹੈ ਕਿ ਇਹ ਗੋਲਾ ਕਿਸ ਨੇ ਬਣਾਇਆ ਅਤੇ ਇਹ ਧਮਾਕਾ ਕਿਸ ਨੇ ਕੀਤਾ, ਕਿਉਂਕਿ ਕੀਤੇ ਬਿਨਾਂ ਕੁਝ ਹੋ ਹੀ ਨਹੀਂ ਸਕਦਾ।

ਕਾਰਨ ਤੋਂ ਬਿਨਾਂ ਅਸਰ ਹੋ ਨਹੀਂ ਸਕਦਾ। ਜੇ ਕੋਈ ਅਸਰ ਹੈ ਤਾਂ ਉਸ ਦਾ ਕਾਰਨ ਜ਼ਰੂਰ ਹੈ। (If there is an effect, there must be a cause for it)

ਫ਼ਰੈਡਮੈਨ (Friedman) ਅਮਰੀਕਾ ਦੇ ਇਕ ਉੱਘੇ ਬ੍ਰਹਿਮੰਡ ਦੇ ਵਿਦਵਾਨ ਹਨ, ਉਹ ਲਿਖਦੇ ਹਨ, "ਇਸ ਗੋਲੇ ਬਾਰੇ ਯਕੀਨੀ ਤੌਰ 'ਤੇ ਕਦੇ ਭੀ ਨਹੀਂ ਜਾਣਿਆ ਜਾ ਸਕਦਾ ਕਿ ਇਹ ਕਿਥੋਂ ਆਇਆ ? ਪਰ ਜੇ ਇਸ ਗੋਲੇ ਦੀ ਹੋਂਦ ਨੂੰ ਮੰਨ ਲਿਆ ਜਾਏ, ਤਾਂ ਫੇਰ ਸਾਇੰਸਦਾਨ ਬ੍ਰਹਿਮੰਡ ਦੀਆਂ ਕਿਆਸਾਂ ਲਾ

ਸਕਦੇ ਹਨ"।

ਸੁਖਮਨੀ ਸਾਹਿਬ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਸੰਸਾਰ ਰਚਨਾ ਤੋਂ ਪਹਿਲਾਂ ਅਕਾਲ ਪੁਰਖ ਨੇ ਸੁੰਨ ਸਮਾਧੀ ਲਾਈ ਹੋਈ ਸੀ ਅਤੇ ਉਸ ਵੇਲੇ ਇਹ ਆਕਾਰ ਨਜ਼ਰ ਨਹੀਂ ਸੀ ਆਉਂਦਾ :

ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥

ਪਾਪ ਪੁੰਨ ਤਬ ਕਹ ਤੇ ਹੋਤਾ ॥

ਜਬ ਧਾਰੀ ਆਪਨ ਸੁੰਨ ਸਮਾਧਿ ॥

ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥

ਜਪੁਜੀ ਸਾਹਿਬ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਵਾਹਿਗੁਰੂ ਦੇ ਇਕ ਹੀ ਬੋਲੇ ਨਾਲ ਇਹ ਸ੍ਰਿਸ਼ਟੀ ਰਚੀ ਗਈ :

ਕੀਤਾ ਪਸਾਉ ਏਕੋ ਕਵਾਉ ॥

ਗੁਰੂ ਜੀ ਹੋਰ ਫੁਰਮਾਉਂਦੇ ਹਨ :

ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥

ਮਿਸਾਲ ਵਜੋਂ ਅਸੀਂ ਘਰ ਤੋਂ ਬਾਹਰ ਖੜ੍ਹੇ ਹੋਏ ਹਾਂ। ਸਾਡੇ ਸਾਹਮਣੇ ਆਕਾਸ਼ ਵਿਚ ਉਡਦਾ ਹੋਇਆ ਇਕ ਜਹਾਜ਼ ਪ੍ਰਗਟ ਹੁੰਦਾ ਹੈ । ਜੇ ਕੋਈ ਇਸ ਨੂੰ ਵੇਖ ਕੇ ਇਹ ਕਹੇ ਕਿ ਇਹ ਇਕ ਲੋਹੇ ਦਾ ਬੰਡਲ ਕਿਸੇ ਪ੍ਰਕਾਰ ਦੀ ਮਨੁੱਖੀ ਸ਼ਕਤੀ ਤੋਂ ਬਿਨਾਂ ਆਪਣੇ ਆਪ ਹੀ ਉਡਦਾ ਜਾ ਰਿਹਾ ਹੈ, ਤਾਂ ਇਹ ਸੁਣ ਕੇ ਮਨ ਵਿਚ ਹਾਸਾ ਆਵੇਗਾ । ਸਾਡੀ ਸਮਝ ਇਹ ਦੱਸੇਗੀ ਕਿ ਦਿਮਾਗ਼ੀ ਸ਼ਕਤੀ ਦੀ ਵਰਤੋਂ ਨਾਲ ਪਹਿਲਾਂ ਇਸ ਮਸ਼ੀਨ ਦਾ ਨਮੂਨਾ ਬਣਿਆ ਹੋਵੇਗਾ, ਕਾਫ਼ੀ ਸਮੇਂ ਤਾਈਂ ਇਸ ਉਤੇ ਟੈਸਟ ਹੁੰਦੇ ਰਹੇ ਹੋਣਗੇ, ਫੇਰ ਕਿਤੇ ਇਹ ਯੰਤਰ ਆਕਾਸ਼ ਵਿਚ ਉੱਡਣ ਦੇ ਯੋਗ ਹੋਇਆ ਹੋਵੇਗਾ।

## ਇਕਸਾਰਤਾ

ਜੇ ਗਹੁ ਨਾਲ ਵੇਖਿਆ ਜਾਵੇ ਤਾਂ ਵੱਖਰੇ-ਵੱਖਰੇ ਸਿਲਸਲਿਆਂ ਵਿਚ ਇਕਸਾਰਤਾ ਦਾ ਹੋਣਾ ਇਸ ਜਗਤ ਰਚਨਾ ਦਾ ਮੁੱਢਲਾ ਅਸੂਲ ਹੈ, ਜਿਵੇਂ ਪਾਣੀ ਦਾ ਸਦਾ ਨੀਵੇਂ ਪਾਸੇ ਨੂੰ ਵਗਣਾ, ਸੂਰਜ ਦਾ ਸਭ ਨੂੰ ਗਰਮੀ ਪਹੁੰਚਾਉਣਾ ਅਤੇ ਹਵਾ ਦਾ ਸਭ ਨੂੰ ਇਕੋ ਜਿਹਾ ਲੱਗਣਾ ਆਦਿ । ਸਾਰੀ ਸ੍ਰਿਸ਼ਟੀ ਹੀ ਖ਼ਾਸ ਅਸੂਲਾਂ ਦੇ ਅਧੀਨ ਚੱਲਦੀ ਹੈ । ਜ਼ਮੀਨ, ਚੰਦ, ਸੂਰਜ ਅਤੇ ਸਿਤਾਰੇ ਸਭ ਗੋਲ ਹਨ । ਸਾਇੰਸ ਦੱਸਦੀ ਹੈ ਕਿ ਇਕ ਚੀਜ਼ ਦੇ ਦੂਜੀ ਨੂੰ ਆਪਣੇ ਵੱਲ ਖਿੱਚਣ ਦੇ ਅਸੂਲ **(gravity)** ਦੇ ਅਧਾਰ 'ਤੇ ਸਾਰਾ ਬ੍ਰਹਿਮੰਡ ਖੜ੍ਹਾ ਹੈ । ਏਸੇ ਤਰ੍ਹਾਂ ਜਾਨਵਰਾਂ ਅਤੇ ਬਨਸਪਤੀਆਂ ਦੀਆਂ ਸ਼੍ਰੇਣੀਆਂ ਵਿਚ ਇਕਸਾਰਤਾ ਹੈ । ਏਸੇ ਇਕਸਾਰਤਾ ਦੇ ਆਧਾਰ 'ਤੇ ਹੀ ਵਿਗਿਆਨੀਆਂ ਨੇ ਜਾਨਵਰਾਂ ਅਤੇ ਪੌਦਿਆਂ ਦੀ ਸ਼੍ਰੇਣੀ ਵੰਡ ਕੀਤੀ ਹੋਈ ਹੈ । ਜੇ ਸੱਚੇ ਮਨੋਂ ਸੋਚੀਏ ਤਾਂ ਖ਼ਾਸ ਹਾਲਾਤ ਬਾਰੇ ਹਰ ਕੋਈ ਮਨੁੱਖ ਕੁਝ ਮੁੱਢਲੇ ਅਸੂਲਾਂ ਦੇ ਅਧੀਨ ਇਕੋ ਤਰ੍ਹਾਂ ਸੋਚਦਾ ਹੈ । ਦੂਜੇ ਪਾਸੇ ਮਨੁੱਖ ਜਾਤੀ ਦੀ ਸੋਚਣੀ ਵਿਚ ਵੀ ਇਕਸਾਰਤਾ ਹੈ । ਯਾਦ ਰੱਖਣ ਵਾਲੀ ਗੱਲ ਹੈ ਕਿ ਮਨੁੱਖ ਜੇਹੜਾ ਭੀ ਕੁਝ ਸੋਝੀਵਾਨ ਹੈ, ਭਾਵੇਂ ਉਹ ਨਾਸਤਿਕ ਹੋਵੇ ਜਾਂ ਆਸਤਿਕ, ਈਮਾਨਦਾਰ ਹੋਵੇ ਜਾਂ ਬੇਈਮਾਨ, ਉਹ ਆਪਣੇ ਦਿਲ ਹੀ ਦਿਲ ਵਿੱਚ ਕੁਝ ਮੁੱਢਲੇ ਅਸੂਲਾਂ ਨੂੰ ਮੰਨਦਾ ਹੈ, ਜਿਨ੍ਹਾਂ ਬਾਰੇ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਸਿੱਖਿਆ ਦਿੱਤੀ ਹੈ ।

ਹਰ ਕੋਈ ਮਨ ਹੀ ਮਨ ਵਿਚ ਸੋਚਦਾ ਹੈ ਕਿ ਅਮਨ ਲੜਾਈ ਨਾਲੋਂ ਚੰਗਾ ਹੈ, ਭਾਵੇਂ ਉਹ ਆਪ ਹੀ ਲੜਾਈ ਕਿਉਂ ਨਾ ਛੇੜ ਰਿਹਾ ਹੋਵੇ ? ਮਨ ਵਿਚ ਸਵਾਲ ਉੱਠਦਾ ਹੈ ਕਿ ਇਹ ਇਕਸਾਰਤਾ ਕਿਉਂ ਹੈ ? ਹਰ ਕੋਈ ਇਸੇ ਤਰ੍ਹਾਂ ਕਿਉਂ ਸੋਚਦਾ ਹੈ ? ਇਹ ਸੋਚਣੀ ਮਨੁੱਖੀ ਤਜਰਬੇ ਦਾ ਫ਼ਲ ਨਹੀਂ ਆਖਿਆ ਜਾ ਸਕਦਾ । ਇਕਸਾਰਤਾ ਸਾਰੀ ਕੁਦਰਤ ਦਾ ਅਸੂਲ ਹੈ ।

ਇਕਸਾਰਤਾ ਬ੍ਰਹਿਮੰਡ ਦੇ ਸਿਲਸਲਿਆਂ ਦਾ ਅਸੂਲ ਹੈ ਅਤੇ ਮਨੁੱਖ ਨੇ ਇਕਸਾਰਤਾ ਲੱਭੀ ਹੈ, ਬਣਾਈ ਨਹੀਂ । ਜਿਵੇਂ ਜੀਵਾਂ ਅਤੇ ਪੌਦਿਆਂ ਦੀਆਂ ਸ਼ਕਲਾਂ ਅਤੇ ਆਕਾਰ (ਕੱਦ) ਦਾ ਉਦਾਲੇ ਦੇ ਵਾਤਾਵਰਣ ਦੇ ਪ੍ਰਭਾਵ ਹੇਠ ਹੋਣ ਦੇ ਅਸੂਲ

(evotution) ਨੂੰ ਮਨੁੱਖ ਨੇ ਲੱਭਿਆ ਹੈ, ਬਣਾਇਆ ਨਹੀਂ, ਏਸੇ ਤਰ੍ਹਾਂ ਪਾਣੀ ਦਾ ਫ਼ਾਰਮੂਲਾ (formula) ਮਨੁੱਖ ਨੇ ਲੱਭਿਆ ਹੈ, ਬਣਾਇਆ ਨਹੀਂ । ਇਹ ਸੋਚ ਕੇ ਪ੍ਰਸ਼ਨ ਉਠਦਾ ਹੈ ਕਿ ਕਿਸੇ ਚੀਜ਼ ਨੂੰ ਜਾਂ ਅਸੂਲ ਨੂੰ ਬਣਾਉਣ ਵਾਲਾ ਜ਼ਿਆਦਾ ਸਿਆਣਾ ਮੰਨਿਆਂ ਜਾਏ ਕਿ ਬਣੀ ਚੀਜ਼ ਨੂੰ ਕੁਝ ਹੱਦ ਤਾਈਂ ਸਮਝ ਲੈਣ ਵਾਲਾ ?

ਬ੍ਰਹਿਮੰਡ ਦੇ ਸਿਲਸਲਿਆਂ ਵਿਚ ਇਕਸਾਰਤਾ ਹੋਣ ਦਾ ਮਨੁੱਖ ਨੇ ਬਹੁਤ ਲਾਭ ਲਿਆ ਹੈ । ਉਦਾਹਰਣ ਵਜੋਂ ਜੇ ਕੋਈ ਦਵਾਈ ਖ਼ੂਨ ਦੇ ਵਧੇ ਹੋਏ ਦਬਾਅ (high blood pressure) ਨੂੰ ਘਟਾਉਂਦੀ ਹੈ, ਤਾਂ ਉਹ ਓਨ੍ਹੀ ਮਾਤਰਾ (dose) ਵਿਚ ਹਰ ਇੱਕ ਵਿਅਕਤੀ ਉੱਤੇ ਆਪਣਾ ਅਸਰ ਕਰਦੀ ਹੈ। ਕੇਵਲ ਏਨਾ ਫ਼ਰਕ ਹੋ ਸਕਦਾ ਹੈ ਕਿ ਕਿਸੇ ਉੱਤੇ ਉਹ ਘੱਟ ਤੇ ਕਿਸੇ ਉਤੇ ਜ਼ਿਆਦਾ ਅਸਰ ਕਰੇ, ਪਰ ਵਧੇ ਹੋਏ ਖ਼ੂਨ ਦੇ ਦਬਾਅ ਨੂੰ ਘਟਾਏਗੀ ਜ਼ਰੂਰ। ਇਸ ਦੇ ਵਿਰੁੱਧ ਜੇ ਇਹੋ ਦਵਾਈ ਕਿਸੇ ਵਿਅਕਤੀ ਵਿਚ ਖ਼ੂਨ ਦਾ ਦਬਾਅ ਘੱਟ ਕਰ ਦੇਂਦੀ ਤੇ ਕਿਸੇ ਵਿਚ ਦਬਾਅ ਵਧਾ ਦੇਂਦੀ ਜਾਂ ਕਿਸੇ ਵਿਚ ਕੋਈ ਅਸਰ ਨਹੀਂ ਅਤੇ ਕਿਸੇ ਵਿਚ ਖ਼ੂਨ ਦੇ ਦਬਾਅ ਦੀ ਥਾਂ ਕਿਸੇ ਹੋਰ ਅੰਗ 'ਤੇ ਅਸਰ ਜਾ ਕਰਦੀ ਹੈ, ਤਾਂ ਖ਼ੋਜ ਦਾ ਹੋਣਾ ਅਸੰਭਵ ਹੋ ਜਾਂਦਾ ਹੈ।

ਜਿਹੜਾ ਅਸੂਲਾਂ ਤੋਂ ਅਨੁਭਵ ਹੁੰਦਾ ਹੈ ਕਿ ਇਹਨਾਂ ਅਸੂਲਾਂ ਨੂੰ ਬਣਾਉਣ ਵਾਲਾ ਕੋਈ ਜ਼ਰੂਰ ਹੈ।ਜਿਵੇਂ ਕਿਤਾਬ ਵੇਖਦਿਆਂ ਹੀ ਪੁਛੀਦਾ ਹੈ ਕਿ ਇਹ ਪੁਸਤਕ ਕਿਸ ਨੇ ਲਿਖੀ ਹੈ। ਜੇ ਕਿਤਾਬ ਹੈ, ਤਾਂ ਲਿਖਣ ਵਾਲਾ ਵੀ ਹੈ। ਇਹਨਾਂ ਗੱਲਾਂ ਨੂੰ ਸੋਚੀਏ ਤਾਂ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਸਿਰਜਣਹਾਰ ਮੰਨ ਲੈਣਾ ਸੌਖਾ ਹੈ ਅਤੇ ਮੁੱਕਰਨਾ ਔਖਾ ਹੈ।

ਅਕਾਲ ਪੁਰਖ ਦੀ ਹੋਂਦ ਨੂੰ ਅਨੁਭਵ ਕਰਨ ਅਤੇ ਸਹਿਜ ਅਵਸਥਾ ਨੂੰ ਪ੍ਰਾਪਤ ਕਰਨ ਲਈ ਯਤਨ ਦੀ ਲੋੜ ਹੈ। ਉਹ ਯਤਨ ਹੈ ਗੁਰਬਾਣੀ ਤੋਂ ਅਗਵਾਈ ਲੈਣੀ ਅਤੇ ਆਪਣਾ ਜੀਵਨ ਗੁਰਬਾਣੀ ਦੀ ਸਿਖਿਆ ਦੇ ਆਧਾਰ 'ਤੇ ਢਾਲਣਾ ।

# ਰੱਬ ਕਿੱਥੇ ਹੈ ?

ਅਜੋਕੇ ਸਾਇੰਸੀ ਯੁੱਗ ਵਿਚ ਜਦੋਂ ਮਨੁੱਖ ਪਦਾਰਥਕ ਸਿਖ਼ਰਾਂ ਛੂਹ ਰਿਹਾ ਹੈ, ਕੁਦਰਤ ਦੀ ਸੂਖ਼ਮਸਮਝ ਕੇ ਖ਼ੁਸ਼ ਹੋ ਰਿਹਾ ਹੈ ਤਾਂ ਇਨ੍ਹਾਂ ਪ੍ਰਾਪਤੀਆਂ ਦਾ ਅਸਰ ਦੋ-ਮੁਖੀ ਹੋ ਰਿਹਾ ਹੈ :

ਪਹਿਲਾ ਤਾਂ ਇਸ ਨਾਲ ਮਨੁੱਖ ਕੁਦਰਤ ਵਿੱਚ ਵੱਸ ਰਹੇ ਕਾਦਰ ਨੂੰ ਵਧੇਰੇ ਅਨੁਭਵ ਕਰਨ ਲੱਗ ਪਿਆ ਹੈ ।

ਦੂਜਾ ਇਹ ਕਿ ਮਨੁੱਖ ਆਪਣੀਆਂ ਇਨ੍ਹਾਂ ਪ੍ਰਾਪਤੀਆਂ ਨਾਲ ਹੰਕਾਰਿਆ ਗਿਆ ਹੈ, ਉਹ ਰੱਬ ਦੀ ਹੋਂਦ ਤੋਂ ਹੀ ਮੁਨਕਰ ਹੋ ਗਿਆ, ਨਾਸਤਿਕ ਤੇ ਪਦਾਰਥਵਾਦੀ ਹੀ ਬਣ ਕੇ ਰਹਿ ਗਿਆ ਹੈ।

ਨਾਸਤਿਕ ਮਨੁੱਖ ਕਹਿੰਦਾ ਹੈ ਕਿ ਰੱਬ ਨਾਂ ਦੀ ਕੋਈ ਸ਼ਕਤੀ ਨਹੀਂ, ਕੋਈ ਹਸਤੀ ਨਹੀਂ, ਸਿਰਫ਼ ਪਦਾਰਥ ਹੀ ਹੈ । ਜਿਸ ਨੂੰ ਮਨੁੱਖ ਨੇ ਆਪਣੇ ਦਿਮਾਗ਼ ਨਾਲ ਆਪਣੀਆਂ ਲੋੜਾਂ ਅਨੁਸਾਰ ਢਾਲ ਲਿਆ ਹੈ। ਨਾਸਤਿਕ ਵਿਚਾਰ ਅਨੁਸਾਰ, ਰੱਬ ਦੀ ਹੋਂਦ ਦੇ ਵਿਸ਼ਵਾਸ ਉੱਤੇ ਆਧਾਰਤ ਧਰਮ,ਮਨੁੱਖ ਨੂੰ ਹਨੇਰੇ ਵੱਲ ਲਿਜਾਂਦਾ ਹੈ ਤੇ ਇੰਝ ਉਹ ਕਿਸੇ ਧਰਮ ਨੂੰ ਮੰਨਣ ਲਈ ਵੀ ਤਿਆਰ ਨਹੀਂ ਹੈ।

ਨੀਟਸ਼ੇ ਨਾਂ ਦੇ ਇਕ ਲੇਖਕ ਨੇ ਤਾਂ ਇਕ ਕਿਤਾਬ ਵੀ ਲਿਖ ਮਾਰੀ ਕਿ, 'ਰੱਬ ਮਰ ਚੁੱਕਾ ਹੈ '। (God is Dead)'

ਹੁਣ ਹੈਰਾਨਕੁੰਨ ਪ੍ਰਸ਼ਨ ਇਹ ਹੈ , "ਕੀ ਰੱਬ ਸੱਚਮੁੱਚ ਮਰ ਚੁੱਕਾ ਹੈ ? " ਹਜ਼ਾਰਾਂ ਸਾਲਾਂ ਤੋਂ ਲੋਕ ਜਿਸ ਰੱਬ ਬਾਰੇ ਤੇ ਉਸ ਦੇ ਵੱਖ-ਵੱਖ ਰੂਪਾਂ ਬਾਰੇ ਦੱਸਦੇ ਆ ਰਹੇ ਹਨ, ਉਹ ਕੋਈ ਚੀਜ਼ ਹੀ ਨਹੀਂ ? ਫਿਰ ਇਹ ਸੂਰਜ, ਚੰਦ, ਤਾਰੇ,

ਜੇਕਰ ਇਕ ਸੰਤਰੇ ਦੇ ਛਿੱਲੜ ਲਾਹ ਦੇਈਏ ਤੇ ਫ਼ਾੜੀਆਂ ਖੋਲ੍ਹ ਦੇਈਏ ਤਾਂ ਮਨੁੱਖ ਉਹਨੂੰ ਦੁਬਾਰਾ ਸੰਤਰਾ ਬਣਾ ਲਏਗਾ ?

ਮਨੁੱਖ ਜੇ ਬਹੁਤ ਸਿਆਣਾ ਤੇ ਖੋਜੀ ਵੀ ਹੋ ਜਾਏ, ਕੀ ਉਹ ਸਰੀਰ ਦੇ ਵਾਧੇ ਨੂੰ ਰੋਕ ਕੇ ਬੱਚਾ ਹੀ ਜਾਂ ਜਵਾਨ ਹੀ ਰਹਿ ਸਕਦੈ ? ਉਹ ਬੁਢੇਪੇ ਜਾਂ ਮੌਤ ਨੂੰ ਕਿਉਂ ਨਹੀਂ ਰੋਕ ਲੈਂਦਾ ? ਉਸ ਦਾ, ਜੀਵਨ-ਮਰਨ 'ਤੇ ਜ਼ੋਰ ਨਹੀਂ ਨਾ ?

## ਅਸੀਂ ਅੰਨ੍ਹੇ ਹਾਂ

ਇਕ ਵਿਦਵਾਨ ਸੱਜਣ ਕਹਿੰਦੇ ਸਨ ਕਿ ਅਸੀਂ ਤਾਂ ਅੱਖਾਂ ਵਾਲੇ ਵੀ ਸਾਰੇ ਅੰਨ੍ਹੇ ਹਾਂ । ਉਹ ਕਿਸ ਤਰ੍ਹਾਂ ? ਕਿਉਂਕਿ ਸਾਨੂੰ ਦੇਖਣ ਲਈ ਬਾਹਰਲੀ ਰੌਸ਼ਨੀ ਦੀ ਲੋੜ ਪੈਂਦੀ ਹੈ --- ਭਾਵੇਂ ਉਹ ਸੂਰਜ ਦੀ ਰੌਸ਼ਨੀ ਹੈ, ਰਾਤ ਵੇਲੇ ਬੱਲਬਾਂ,ਲੈਂਪਾਂ, ਟਾਰਚਾਂ, ਮੋਮਬੱਤੀਆਂ, ਚੰਦਰਮਾਂ ਜਾਂ ਤਾਰਿਆਂ ਦੀ ਰੌਸ਼ਨੀ ਹੈ । ਬਾਹਰੀ ਰੌਸ਼ਨੀ ਤੋਂ ਬਿਨਾਂ ਮਨੁੱਖ ਤਾਂ ਚਾਰ ਕਦਮ ਵੀ ਮੰਜ਼ਲ ਵੱਲ ਨਹੀਂ ਚੱਲ ਸਕਦਾ, ਫਿਰ ਸਾਡੀ ਆਪਣੀ ਰੌਸ਼ਨੀ ਕਿਹੜੀ ਹੋਈ ਹੈ ?

ਨਾਸਤਿਕ ਲੋਕਾਂ ਨੂੰ ਪੁੱਛਿਆ ਜਾਵੇ, ਬਈ ਬੰਦੇ ਦਾ ਸਰੀਰ ਤਾਂ ਹੁੰਦਾ ਹੈ ਹਿਲਜੁਲ ਬੰਦ ਕਿਉਂ ਹੋ ਜਾਂਦੀ ਹੈ ? ਉਹ ਜੁਆਬ ਵਿਚ ਇਹ ਕਹਿ ਦੇਂਦੇ ਨੇ ਕਿ "ਸਰੀਰ ਦੀ ਮਸ਼ੀਨਰੀ ਕੰਮ ਕਰਨਾ ਬੰਦ ਕਰ ਦੇਂਦੀ ਏ ।" ਫਿਰ ਉਹਨਾਂ ਨੂੰ ਪੁੱਛੀਏ ਬਈ ਇਹ ਸਰੀਰ ਦੀ ਮਸ਼ੀਨਰੀ ਕੰਮ ਕਰਨਾ ਕਦੋਂ ਤੇ ਕਿਉਂ ਸ਼ੁਰੂ ਕਰ ਦੇਂਦੀ ਏ ? ਤਾਂ ਉਹ ਜ਼ਿੱਦ ਨਾਲ ਫਿਰ ਵੀ ਉਸ ਸ਼ਕਤੀ ਨੂੰ ਨਹੀਂ ਮੰਨਦੇ ।

## ਦੋ ਦੋਸਤ

ਇਕ ਵੇਰਾਂ ਦੋ ਦੋਸਤ ਸਨ । ਇਕ ਆਸਤਕ ਤੇ ਇਕ ਨਾਸਤਕ ਸੀ । ਆਸਤਕ ਦੋਸਤ ਨੇ ਤਸਵੀਰ ਬਣਾਈ ਤੇ ਨਾਸਤਕ ਦੋਸਤ ਪੁੱਛਣ ਲੱਗਾ "ਯਾਰ ਇਹ ਤਸਵੀਰ ਇਤਨੀ ਸੁੰਦਰ ਕਿਉਂ ਬਣਾਈ ਆ"? ਆਸਤਕ ਕਹਿਣ ਲੱਗਾ, "ਮੈਂ ਤਾਂ ਇਹ ਬੋਰਡ, ਕਾਗਜ਼, ਪੈਨਸਲ ਤੇ ਰੰਗ ਕੋਠੇ 'ਤੇ ਰੱਖ ਆਇਆ ਸਾਂ,

ਜੇਕਰ ਇਕ ਸੰਤਰੇ ਦੇ ਛਿੱਲੜ ਲਾਹ ਦੇਈਏ ਤੇ ਫ਼ਾੜੀਆਂ ਖੋਲ੍ਹ ਦੇਈਏ ਤਾਂ ਮਨੁੱਖ ਉਹਨੂੰ ਦੁਬਾਰਾ ਸੰਤਰਾ ਬਣਾ ਲਏਗਾ ?

ਮਨੁੱਖ ਜੋ ਬਹੁਤ ਸਿਆਣਾ ਤੇ ਖੋਜੀ ਵੀ ਹੋ ਜਾਏ, ਕੀ ਉਹ ਸਰੀਰ ਦੇ ਵਾਧੇ ਨੂੰ ਰੋਕ ਕੇ ਬੱਚਾ ਹੀ ਜਾਂ ਜਵਾਨ ਹੀ ਰਹਿ ਸਕਦੈ ? ਉਹ ਬੁਢੇਪੇ ਜਾਂ ਮੌਤ ਨੂੰ ਕਿਉਂ ਨਹੀਂ ਰੋਕ ਲੈਂਦਾ ? ਉਸ ਦਾ, ਜੀਵਨ-ਮਰਨ 'ਤੇ ਜ਼ੋਰ ਨਹੀਂ ਨਾ ?

## ਅਸੀਂ ਅੰਨ੍ਹੇ ਹਾਂ

ਇਕ ਵਿਦਵਾਨ ਸੱਜਣ ਕਹਿੰਦੇ ਸਨ ਕਿ ਅਸੀਂ ਤਾਂ ਅੱਖਾਂ ਵਾਲੇ ਵੀ ਸਾਰੇ ਅੰਨ੍ਹੇ ਹਾਂ । ਉਹ ਕਿਸ ਤਰ੍ਹਾਂ ? ਕਿਉਂਕਿ ਸਾਨੂੰ ਦੇਖਣ ਲਈ ਬਾਹਰਲੀ ਰੌਸ਼ਨੀ ਦੀ ਲੋੜ ਪੈਂਦੀ ਹੈ --- ਭਾਵੇਂ ਉਹ ਸੂਰਜ ਦੀ ਰੌਸ਼ਨੀ ਹੈ, ਰਾਤ ਵੇਲੇ ਬੱਲਬਾਂ,ਲੈਂਪਾਂ, ਟਾਰਚਾਂ, ਮੋਮਬੱਤੀਆਂ, ਚੰਦਰਮਾਂ ਜਾਂ ਤਾਰਿਆਂ ਦੀ ਰੌਸ਼ਨੀ ਹੈ । ਬਾਹਰੀ ਰੌਸ਼ਨੀ ਤੋਂ ਬਿਨਾਂ ਮਨੁੱਖ ਤਾਂ ਚਾਰ ਕਦਮ ਵੀ ਮੰਜ਼ਲ ਵੱਲ ਨਹੀਂ ਚੱਲ ਸਕਦਾ, ਫਿਰ ਸਾਡੀ ਆਪਣੀ ਰੌਸ਼ਨੀ ਕਿਹੜੀ ਹੋਈ ਹੈ ?

ਨਾਸਤਿਕ ਲੋਕਾਂ ਨੂੰ ਪੁੱਛਿਆ ਜਾਵੇ, ਬਈ ਬੰਦੇ ਦਾ ਸਰੀਰ ਤਾਂ ਹੁੰਦਾ ਹੈ ਹਿਲਜੁਲ ਬੰਦ ਕਿਉਂ ਹੋ ਜਾਂਦੀ ਹੈ ? ਉਹ ਜੁਆਬ ਵਿਚ ਇਹ ਕਹਿ ਦੇਂਦੇ ਨੇ ਕਿ "ਸਰੀਰ ਦੀ ਮਸ਼ੀਨਰੀ ਕੰਮ ਕਰਨਾ ਬੰਦ ਕਰ ਦੇਂਦੀ ਏ ।" ਫਿਰ ਉਹਨਾਂ ਨੂੰ ਪੁੱਛੀਏ ਬਈ ਇਹ ਸਰੀਰ ਦੀ ਮਸ਼ੀਨਰੀ ਕੰਮ ਕਰਨਾ ਕਦੋਂ ਤੇ ਕਿਉਂ ਸ਼ੁਰੂ ਕਰ ਦੇਂਦੀ ਏ ? ਤਾਂ ਉਹ ਜ਼ਿੱਦ ਨਾਲ ਫਿਰ ਵੀ ਉਸ ਸ਼ਕਤੀ ਨੂੰ ਨਹੀਂ ਮੰਨਦੇ ।

## ਦੋ ਦੋਸਤ

ਇਕ ਵੇਰਾਂ ਦੋ ਦੋਸਤ ਸਨ । ਇਕ ਆਸਤਕ ਤੇ ਇਕ ਨਾਸਤਕ ਸੀ । ਆਸਤਕ ਦੋਸਤ ਨੇ ਤਸਵੀਰ ਬਣਾਈ ਤੇ ਨਾਸਤਕ ਦੋਸਤ ਪੁੱਛਣ ਲੱਗਾ "ਯਾਰ ਇਹ ਤਸਵੀਰ ਇਤਨੀ ਸੁੰਦਰ ਕਿਉਂ ਬਣਾਈ ਆ" ? ਆਸਤਕ ਕਹਿਣ ਲੱਗਾ, "ਮੈਂ ਤਾਂ ਇਹ ਬੋਰਡ, ਕਾਗਜ਼, ਪੈਨਸਲ ਤੇ ਰੰਗ ਕੋਠੇ 'ਤੇ ਰੱਖ ਆਇਆ ਸਾਂ,

ਜਦੋਂ ਦੁਬਾਰਾ ਗਿਆ ਤਾਂ ਦੇਖਿਆ ਤਸਵੀਰ ਬਣੀ ਹੋਈ ਸੀ ।" ਨਾਸਤਕ ਦੋਸਤ ਕਹਿਣ ਲੱਗਾ, " ਗੱਪ ਨਾ ਮਾਰ, ਕਿਸੇ ਦੇ ਬਨਾਉਣ ਬਿਨਾਂ ਵੀ ਕੋਈ ਚੀਜ਼ ਬਣੀ ਏ ।" ਆਸਤਕ ਦੋਸਤ ਨੂੰ ਨੁਕਤਾ ਲੱਭ ਗਿਆ ਸੀ ਤੇ ਉਹ ਨਾਸਤਕ ਯਾਰ ਨੂੰ ਰੱਬ ਦੀ ਹੋਂਦ 'ਤੇ ਜ਼ੋਰ ਦੇਣ ਲੱਗ ਪਿਆ ।

ਰੱਬ ਨੂੰ ਜਾਨਣ ਲਈ ੴ ਦੀ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਸਰਬੱਤ ਪੱਖਾਂ ਤੋਂ ਸਮਰੱਥ ਹੈ । ਵਿਗਿਆਨਕ ਰੂਪ ਨਾਲ ਅਕਾਲ ਪੁਰਖ ਦੀ ਹੋਂਦ ਗੁਰਬਾਣੀ ਦੇ ਅਭਿਆਸ ਤੇ ਅਨੁਭਵ ਦੁਆਰਾ ਮਹਿਸੂਸ ਕੀਤੀ ਜਾ ਸਕਦੀ ਹੈ । ਗੁਰਬਾਣੀ ਵਿਚ ਤਾਂ ਉਸ ਅਕਾਲ ਪੁਰਖ ਦੀ ਹੋਂਦ ਨੂੰ ਨਾ ਮੰਨਣ ਜਾਂ ਵਿਸਾਰ ਦੇਣ ਵਾਲੇ ਮਨੁੱਖ ਨੂੰ ਕਮਜਾਤਿ , ਹਾਰੇ ਹੋਏ, ਡੁੱਬੇ ਵਣਜਾਰੇ , ਕਾਹੇ ਜਗ ਆਏ , ਭੋਇੰ ਭਾਰ ਥੀਏ, ਝੂਠੇ ਗਾਫ਼ਲ, ਗੁਣ ਗਲਿਆ, ਸਾਕਤ, ਦੁਹਾਗਣ ਆਦਿ ਲਫ਼ਜ਼ਾਂ ਨਾਲ ਬਿਆਨਿਆ ਹੈ । ਘਟਿ- ਘਟਿ ਵਿਚ ਉਸ ਸਰਬ ਸਮਰੱਥ ਦੀ ਹੋਂਦ ਮੰਨਣ ਤੇ ਅਨੁਭਵ ਕਰਨ ਵਾਲੇ ਨੂੰ ਰੰਗ ਰੱਤੇ, ਗੁਰਮੁਖ, ਸੰਤ, ਭਲੇ, ਬ੍ਰਹਮ ਗਿਆਨੀ, ਜਿੱਤੇ ਹੋਏ, ਸਫ਼ਲ, ਰਾਗ ਭਰੇ, ਸੁਹਾਗਣਿ, ਹਰੇ-ਭਰੇ, ਖਿੜਿਆ ਕਹਿ ਕੇ ਸਨਮਾਨਿਆ ਗਿਆ ਹੈ ।

## ਅਪੀਲ

ਕੁਝ ਨਾਸਤਕ ਤਾਕਤਾਂ ਵੱਲੋਂ ਸਾਡੀ ਧਰਤੀ ਦੀ ਸਦ-ਨਵੀਂ ਤੇ ਸਦ-ਸੱਜਰੀ ਵਿਚਾਰਧਾਰਾ ਨੂੰ ਢਾਹੁਣ ਲਈ ਯਤਨ ਕੀਤੇ ਜਾ ਰਹੇ ਹਨ- ਇਸ ਮੰਤਵ ਲਈ ਉਹ ਖ਼ਾਸ ਕਰ ਨੌਜੁਆਨਾਂ ਵਿਚੋਂ ਰੱਬ, ਵਾਹਿਗੁਰੂ, ਅਕਾਲ ਪੁਰਖ, ਰਾਮ, ਭਗਵਾਨ, ਅੱਲਾ ਈਸ਼ਵਰ ਜਾਂ God ਦਾ ਪ੍ਰਭਾਵ ਕੱਢ ਦੇਣਾ ਚਾਹੁੰਦੇ ਹਨ ।

ਸਮੂੰਹ ਵਿਦਿਆਰਥੀਆਂ , ਨੌਜੁਆਨਾਂ,ਵੀਰਾਂ , ਭੈਣਾਂ , ਪ੍ਰਤੀ ਅਪੀਲ ਹੈ ਕਿ ਸੁਚੇਤ ਹੋ ਕੇ ਇਨ੍ਹਾਂ ਤਾਕਤਾਂ ਦਾ ਮੁਕਾਬਲਾ ਗੁਰੂ ਗਰੰਥ ਸਾਹਿਬ ਜੀ ਦੀ ਬਲਦਾਇਕ ਵਿਚਾਰਧਾਰਾ ਦਾ ਆਸਰਾ ਲੈ ਕੇ ਕਰੋ, ਤਾਂ ਕਿ 'ਨਿਰਭਉ ਹੋਇ ਭਜਹੁ ਭਗਵਾਨ' ਅਨੁਸਾਰ ਨਿਝੱਕ, ਨਿਡਰ ਹੋ ਕੇ ਰੱਬ ਦੀ ਗੱਲ ਹੋ ਸਕੇ।

# ਜੇ ਰੱਬ ਹੈ ਤਾਂ ਦਿਸਦਾ ਕਿਉਂ ਨਹੀਂ ?

ਇਹ ਸਵਾਲ ਆਮ ਤੌਰ 'ਤੇ ਕੀਤਾ ਜਾਂਦਾ ਹੈ ਕਿ ਜੇ ਰੱਬ ਸੱਚਮੁੱਚ ਹੈ, ਤਾਂ ਉਹ ਦਿੱਸਦਾ ਕਿਉਂ ਨਹੀਂ ?

ਰੱਬ ਦਾ ਸਰੂਪ ਪੂਰੀ ਤਰ੍ਹਾਂ ਸਮਝਣ ਵਿਚ ਜਿਸ ਨੂੰ ਗ਼ਲਤੀ ਲੱਗ ਜਾਵੇ, ਉਸ ਦੇ ਮਨ ਵਿਚ ਇਹ ਸ਼ੰਕਾ ਉਤਪੰਨ ਹੋ ਹੀ ਜਾਂਦਾ ਹੈ ।

ਵੱਡੀ ਗੱਲ ਤਾਂ ਇਹ ਹੈ ਕਿ ਵਿਅਕਤੀ ਵੀ, ਸਰੀਰ ਰੂਪ ਵਿਚ ਦਿੱਸਦਾ ਹੋਇਆ ਵਿਅਕਤੀ ਨਹੀਂ ਹੁੰਦਾ, ਸਗੋਂ ਸਿਰ, ਮੂੰਹ, ਅੱਖਾਂ, ਕੰਨਾਂ, ਜੀਭ, ਹੱਥਾਂ, ਬਾਹਵਾਂ, ਲੱਤਾਂ, ਪੈਰਾਂ ਆਦਿ ਸਮੁੱਚੇ ਸਰੀਰ ਵਿਚ ਸਮੋਇਆ ਹੋਇਆ ਅਦ੍ਰਿਸ਼ ਜੋਤ ਰੂਪ ਹੁੰਦਾ ਹੈ । ਸੁੱਤਾ ਹੋਇਆ ਵਿਅਕਤੀ ਨਾ ਹੀ ਗੱਲਾਂ ਕਰਦਾ ਹੈ, ਨਾ ਹੱਸਦਾ/ਰੋਂਦਾ ਹੈ ਤੇ ਨਾ ਹੀ ਕੁਝ ਖਾਂਦਾ-ਪੀਂਦਾ ਹੈ । ਮੁਰਦਾ ਸਰੀਰ ਵਿਚ ਸਾਰੇ ਅੰਗ ਤਾਂ ਹੁੰਦੇ ਹਨ, ਪਰ ਕਹਿੰਦੇ ਸੁਣੀਂਦਾ ਹੈ ਕਿ "ਫ਼ਲਾਣਾ ਸਦਾ ਲਈ ਦੂਰ ਚਲਾ ਗਿਆ।" ਕੌਣ ਚਲਾ ਗਿਆ ? ਬੋਲਦਾ ਕੌਣ ਸੀ ? ਹੱਸਦਾ ਕੌਣ ਸੀ ?

ਰੱਬ ਨੂੰ ਵਿਅਕਤੀ ਦੇ ਸਰੀਰ ਵਾਂਗ ਹੀ ਵੇਖਣ ਦੀ ਇੱਛਾ ਉਚਿਤ ਨਹੀਂ ਹੈ । ਗੁਰਬਾਣੀ ਤਾਂ ਕਹਿੰਦੀ ਹੈ ਕਿ ਜੇ ਰੱਬ ਬਾਰੇ ਬਹੁਤ ਕੁਝ ਅਨੁਭਵ ਵੀ ਕਰ ਲਿਆ ਜਾਵੇ,ਤਾਂ ਉਸ ਨੂੰ ਬਿਆਨ ਕਰਨਾ ਔਖਾ ਹੈ । ਉਸ ਅਨੁਭਵ ਦੇ ਸੁਹਜਾਤਮਕ ਲੱਛਣ ਤੇ ਰੱਬੀ ਛੋਹ ਦੇ ਹੁਲਾਰੇ ਗੁਰਬਾਣੀ ਵਿਚ ਸੱਦ ਸੱਜਰੇ ਮੌਜੂਦ ਹਨ ।

## ਰੱਬ ਦਾ ਵਾਸਾ

ਸਾਰੀ ਕੁਦਰਤ, ਸਾਰੀ ਕਾਇਨਾਤ, ਸ੍ਰਿਸ਼ਟੀ ਤੇ ਸਾਰੇ ਪਸਾਰੇ ਦਾ ਹਰ ਇਕ ਰੰਗ, ਹਰ ਇਕ ਰੂਪ ਤੇ ਹਰ ਇਕ ਕ੍ਰਿਆ ਅਤੇ ਇਹਨਾਂ ਸਾਰਿਆਂ ਦੇ ਆਪਸੀ

ਸਬੰਧ, ਉਸ ਦੀ ਕਿਰਤ ਤੇ ਉਸ ਦੇ ਹੁਕਮ 'ਤੇ ਭਾਣੇ ਦਾ ਪ੍ਰਗਟਾਵਾ ਹਨ। ਲੱਖਾਂ ਕ੍ਰੋੜਾਂ ਧਰਤੀਆਂ, ਅਕਾਸ਼ਾਂ ਤੇ ਪਤਾਲਾਂ ਦੇ ਇਕ ਸੂਤਰ ਵਿਚ ਪਰੋਏ ਹੋਣ ਕਾਰਨ ਇਕ-ਇਕ ਇਕਾਈ ਦੇ ਰੂਪ ਵਿਚ ਮਹਿਸੂਸ ਕਰ ਕੇ ਮਨੁੱਖ ਚਕ੍ਰਿਤ ਹੁੰਦਾ ਹੋਇਆ ਕੇਵਲ ਵਿਸਮਾਦ ਹੋ ਕੇ ਰਹਿ ਜਾਂਦਾ ਹੈ ਤੇ ਵਾਹ ! ਵਾਹ ! ਪੁਕਾਰ ਉੱਠਦਾ ਹੈ। ਕੁਦਰਤ ਦੇ ਹਰ ਅੰਗ ਵਿਚ, ਜੀਆਂ ਵਿਚ, ਜੰਤਾਂ ਵਿੱਚ, ਓਸੇ ਦਾ ਹੀ ਵਾਸਾ ਹੈ।

ਰੱਬ ਨੂੰ ਆਪਣੀ ਨਿੱਕੀ ਤੇ ਛੋਟੀ ਅਕਲਦਾਨੀ ਵਿੱਚ ਬੰਦ ਕਰਨ ਦੀ ਇੱਛਾ ਕਿਵੇਂ ਪੂਰੀ ਹੋਵੇ ? ਉਹ ਤਾਂ ਫੁੱਲ ਦੀ ਖ਼ੁਸ਼ਬੋ ਵਾਂਗ, ਖੰਡ/ਗੁੜ ਦੇ ਮਿੱਠੇ ਵਾਂਗ, ਪਾਣੀ ਦੀ ਸ਼ੀਤਲਤਾ ਤੇ ਧੁੱਪ ਦੇ ਨਿੱਘ ਵਾਂਗ, ਅੱਗ ਦੇ ਸੇਕ ਅਤੇ ਬਰਫ਼ ਦੀ ਠੰਡਕ ਵਾਂਗ, ਪਿਆਰ ਦੀ ਖਿੱਚ ਅਤੇ ਪੌਣ ਦੀ ਸਰਸਰਾਹਟ ਵਾਂਗ ਅਦ੍ਰਿਸ਼, ਪਰ ਪੂਰਨ ਪ੍ਰਭਾਵਸ਼ਾਲੀ, ਸਭ ਕੁਝ ਦਾ ਕਾਰਨ ਤੇ ਸਭ ਕੁਝ ਦਾ ਨਤੀਜਾ ਹੈ।

## ਰੱਬ ਇਕਾਈ ਹੈ

ਅੰਕ ਗਣਿਤ ਦੇ ਜਟਿਲ ਤੋਂ ਜਟਿਲ ਫ਼ਾਰਮੂਲੇ ਜੋ ਗਣਿਤ ਵਿਗਿਆਨੀਆਂ ਨੇ ਲੱਭੇ ਹਨ, ਉਹਨਾਂ ਦੀ ਹੋਂਦ ਤਾਂ ਕੁਦਰਤ ਵਿਚ ਪਹਿਲਾਂ ਹੀ ਸੀ। ਅਜੇ ਬਹੁਤ ਕੁਝ ਖ਼ੋਜਿਆ ਜਾਣਾ ਬਾਕੀ ਹੈ। ਗਣਿਤ ਦੀ ਵੱਡੀ ਵਿਸ਼ੇਸ਼ਤਾਈ ਇਹ ਹੁੰਦੀ ਹੈ ਕਿ ਹਰ ਸੰਖਿਆ ਇਕਾਈ (Unity) ਮੰਨੀ ਜਾ ਸਕਦੀ ਹੈ।

ਗੁਰੂ ਨਾਨਕ ਸਾਹਿਬ ਨੇ ਕੁਲ ਬ੍ਰਹਿਮੰਡਾਂ- ਖੰਡਾਂ ਵਿਚ ਪਸਰੀ ਹੋਈ ਜੋਤ ਨੂੰ '੧' ਕਿਹਾ ਹੈ,'ੴ'ਦਾ ਭਾਵ ਹੈ, ਉਸ ਇਕੋ ਜੋਤ ਦਾ ਹੀ ਸਭ ਪਸਾਰਾ ਹੈ।

-ਸਾਹਿਬੁ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ ॥
-ਏਕੁ ਪਿਤਾ ਏਕਸ ਕੇ ਹਮ ਬਾਰਿਕ.... ॥
-ਅਨੇਕ ਹੈਂ ॥ ਫਿਰਿ ਏਕ ਹੈਂ ॥
-ਜਿਮੀ ਔ ਜਿਮਾ ਕੇ ਬਿਖੈ, ਸਮਸਤਿ ਏਕ ਜੋਤਿ ਹੈਂ ॥

## ਮਹਾਂਪੁਰਖਾਂ ਦਾ ਤਜ਼ਰਬਾ

ਆਮ ਜੀਵਨ ਵਿਚ ਕੀਤੇ ਜਾਣ ਵਾਲੇ ਕੰਮਾਂ ਵਿਚ ਸਿਆਣਿਆਂ ਦੇ ਤਜ਼ਰਬੇ 'ਤੇ ਨਿਚੋੜ ਲਾਗੂ ਕੀਤੇ ਜਾਂਦੇ ਹਨ । ਅਖਾਣ, ਕਹਾਵਤਾਂ ਤੇ ਮੁਹਾਵਰੇ ਇਹਨਾਂ ਤਜ਼ਰਬਿਆਂ ਵਿਚੋਂ ਹੀ ਨਿਕਲੇ ਹਨ । ਇਸਲਾਮ, ਈਸਾਈਅਤ, ਜੂਡਾਇਜ਼ਮ, ਗੁਰਮਤਿ, ਵੇਦਾਂਤ ਮਤਿ ਤੇ ਹੋਰ ਬਹੁਤ ਸਾਰੇ ਧਰਮਾਂ ਦੇ ਮਹਾਂਪੁਰਖਾਂ ਤੇ ਵਿਦਵਾਨਾਂ ਨੇ ਰੱਬ ਦੀ ਹੋਂਦ ਨੂੰ ਸਵੀਕਾਰ ਕਰ ਕੇ ਉਸ ਦੀ ਉਪਾਸ਼ਨਾ ਦਾ ਮਹਾਤਮ ਦੱਸਿਆ ਹੈ । ਅੱਲਾ, ਗਾਡ, ਰਾਮ, ਈਸ਼ਵਰ, ਭਗਵਾਨ, ਬੀਠਲ, ਪ੍ਰਮਾਤਮਾ, ਪ੍ਰਭੂ ਇਹ ਸਭ ਉਸੇ ਅਕਾਲ ਪੁਰਖ ਦੇ ਹੀ ਨਾਮ ਹਨ । ਸਿੱਖੀ ਅਨੁਸਾਰ ਉਸ ਦੀ ਅਰਾਧਨਾ ਦਾ ਸਰਵ-ਉੱਤਮ ਸਾਧਨ, "ਵਾਹਿਗੁਰੂ" ਸ਼ਬਦ ਦਾ ਵਿਸਮਾਦੀ ਤੇ ਸੁਹਜਾਤਮਕ ਉਚਾਰਨ ਹੈ । 'ਵਾਹਿ' ਸ਼ਬਦ ਵਿਸਮਿਕ ਚਿੰਨ੍ਹ ਹੈ ( !) 'ਗੁਰੂ ' ਸ਼ਬਦ ਸਮਰੱਥ ਸ਼ਖ਼ਸੀਅਤ ਜੋ ਅੰਧਕਾਰ ਨੂੰ ਦੂਰ ਕਰਦੀ ਹੈ, ਨੂੰ ਸੰਬੋਧਤ ਹੈ । ਗੁਰਬਾਣੀ ਵਿਚ ਛੇ ਗੁਰੂ ਸਾਹਿਬਾਨ ਅਤੇ ਬਹੁਤ ਸਾਰੇ ਭਗਤਾਂ ਦੀ ਬਾਣੀ ਸ਼ਾਮਿਲ ਹੈ, ਜਿਸ ਵਿਚ ਰੱਬੀ-ਸੰਜੋਗ ਦੇ ਅਨੁਭਵ ਦਰਜ਼ ਹਨ । ਇਹਨਾਂ ਉੱਤੇ ਵਿਸ਼ਵਾਸ ਨਾ ਕਰਨਾ ਕਿੱਥੋਂ ਦੀ ਸਿਆਣਪ ਹੈ ? ਇਹਨਾਂ ਵੱਲੋਂ ਅੱਖਾਂ ਮੀਟਣਾ, ਸਮਾਂ ਵਿਅਰਥ ਗੁਆਣ ਦੇ ਬਰਾਬਰ ਹੈ ।

### ਮੈਨੂੰ ਰੱਬ ਵਿਖਾਓ

ਇਕ ਵਾਰ ਇਕ ਜਗਿਆਸੂ ਨੇ ਸੰਤਾਂ ਨੂੰ ਰੱਬ ਵਿਖਾਣ 'ਤੇ ਜ਼ੋਰ ਦਿੱਤਾ। ਵਾਰ-ਵਾਰ ਕਹਿਣ 'ਤੇ ਸੰਤਾਂ ਨੇ ਉਸ ਨੂੰ ਇਕ ਦਿਨ ਇਸ਼ਨਾਨ ਕਰਨ ਵੇਲੇ ਕਈ ਡੋਬੇ ਦੇ ਦਿੱਤੇ । ਉਸ ਹੱਥ ਪਥੱਲੇ ਮਾਰ ਕੇ ਜਾਨ ਬਚਾਈ । ਸੰਤਾਂ ਪੁਛਿਆ, 'ਕਿਉਂ ਬਈ, ਰੱਬ ਦੇ ਦਰਸ਼ਨ ਹੋਏ ?'

ਜਗਿਆਸੂ ਨੇ ਕਿਹਾ ਤੁਸੀਂ ਤਾਂ ਮੈਨੂੰ ਡੋਬਣ ਲੱਗੇ ਸੀ । ਸੰਤਾਂ ਨੇ ਕਿਹਾ ਕਿ ਤੂੰ ਜਦੋਂ ਡੁੱਬਣ ਲੱਗਾ ਸੀ ਤਾਂ ਕੀ ਸੋਚ ਰਿਹਾ ਸੀ ? ਉਹ ਬੋਲਿਆ, 'ਉਦੋਂ ਤਾਂ ਜਾਨ ਬਚਾਣ ਦੀ ਪਈ ਸੀ।' ਸੰਤ ਨੇ ਕਿਹਾ, ਬੱਸ ਜਿੰਨਾ ਕੁ ਜ਼ੋਰ ਤੂੰ ਉਦੋਂ ਲਾਇਆ ਸੀ, ਰੱਬ ਨੂੰ ਪਾਣ ਲਈ ਉਤਨਾ ਕੁ ਜ਼ੋਰ ਲਾ ਕੇ ਤਾਂ ਦੇਖ, ਰੱਬੀ ਛੋਹ ਜ਼ਰੂਰ ਹਾਸਲ ਕਰ ਲਵੇਂਗਾ ।

ਜਗਿਆਸੂ ਨੂੰ ਕੁਝ ਸਮਝ ਆ ਚੁੱਕੀ ਸੀ ।

# ਰੱਬ–ਇਕ ਗੁੰਝਲਦਾਰ ਬੁਝਾਰਤ ?

–ਜਸਪਾਲ ਕੌਰ

ਅਧਿਆਤਮਕ ਪੱਖੋਂ ਸੰਸਾਰ ਅੱਜ ਹੇਠ–ਲਿਖੀਆਂ ਸ਼ਰੇਣੀਆਂ ਵਿਚ ਵੰਡਿਆ ਦਿੱਸਦਾ ਹੈ :

1. ਆਸਤਕ :

ਜੋ ਰੱਬੀ ਹੋਂਦ ਅਤੇ ਹਸਤੀ ਨੂੰ ਅਟੱਲ ਨਿਸ਼ਚੇ ਦੁਆਰਾ ਮੰਨਦੇ ਹਨ ਅਤੇ ਆਪਣੀ ਇਸ ਮਨੌਤ ਦੇ ਠੋਸ ਸਬੂਤ ਪੇਸ਼ ਕਰਦੇ ਹਨ ।

2. ਨਾਸਤਕ :

ਜੋ ਰੱਬੀ ਹੋਂਦ ਅਤੇ ਹਸਤੀ ਤੋਂ ਮੁਨਕਰ ਹਨ । ਕੁਦਰਤ ਅਤੇ ਉਸ ਦੇ ਨਿਯਮਾਂ ਨੂੰ ਹੀ ਅਨਾਦੀ ਮੰਨਦੇ ਹਨ ।

3. ਨਾਸਤਕ–ਆਸਤਕ :

ਜੋ ਨਾ ਤੇ ਪੁਰਸ਼ ਅਤੇ ਪ੍ਰਕ੍ਰਿਤੀ ਨੂੰ ਰੱਬੀ ਕਿਰਤ ਮੰਨਦੇ ਹਨ ਅਤੇ ਨਾ ਹੀ ਰੱਬ ਦੀ ਹਸਤੀ ਨੂੰ ਅਨਾਦੀ ਮੰਨਦੇ ਹਨ ।

ਇਹ ਉੱਪਰ ਦੱਸੀਆਂ ਸ਼ਰੇਣੀਆਂ ਕੋਈ ਹੁਣ ਦੇ ਸਮੇਂ ਦੀ ਵੰਡ ਦਾ ਨਤੀਜਾ ਨਹੀਂ ਹਨ, ਸਗੋਂ ਭਾਰਤ ਦੇ ਪੁਰਾਤਨ ਧਾਰਮਕ ਆਗੂਆਂ ਅਤੇ ਦਾਰਸ਼ਨਿਕਾਂ ਦੀ ਦਵੈਤ ਰੂਪ ਵਿਚਾਰਧਾਰਾ ਦਾ ਹੀ ਪ੍ਰਤੀਕਰਮ ਹਨ । ਇਸ ਦਾ ਵਿਸ਼ਲੇਸ਼ਣ ਕੁਝ ਇਸ ਪ੍ਰਕਾਰ ਹੈ :

(ੳ) ਜੈਨ ਅਤੇ ਬੁੱਧ ਧਰਮ, ਰੱਬੀ ਹੋਂਦ ਨੂੰ ਨਹੀਂ ਮੰਨਦੇ ।

(ਅ) ਵੈਦਕ ਕਰਮਕਾਂਡ ਦੇ ਉਪਾਸ਼ਕ ਕਈ ਇਕ ਦੇਵਤਿਆਂ ਨੂੰ ਜਗਤ ਦਾ ਸਿਰਜਨਹਾਰ ਮੰਨਦੇ ਹਨ ।

(ੲ) ਸਾਂਖ ਸ਼ਾਸਤਰ ਰੱਬੀ ਹੋਂਦ ਨੂੰ ਨਾ ਮੰਨ ਕੇ ਪੁਰਸ਼ ਅਤੇ ਪ੍ਰਕ੍ਰਿਤੀ ਨੂੰ ਹੀ ਅਨਾਦੀ ਮੰਨਦਾ ਹੈ।

(ਸ) ਯੋਗੀ ਰੱਬੀ ਹੋਂਦ 'ਤੇ ਤਾਂ ਵਿਸ਼ਵਾਸ ਕਰਦੇ ਹਨ,ਪ੍ਰੰਤੂ ਪੁਰਸ਼ ਅਤੇ ਪ੍ਰਕ੍ਰਿਤੀ ਨੂੰ ਉਸ ਦੀ ਕਿਰਤ ਨਹੀਂ ਮੰਨਦੇ ।

(ਹ) ਨਿਯਾਯ ਅਤੇ ਵੈਵੇਸ਼ਕ ਰੱਬ ਨੂੰ ਸੰਸਾਰ ਦਾ ਨਮਿਤ ਕਾਰਨ ਤਾਂ ਮੰਨਦੇ ਹਨ,ਪ੍ਰੰਤੂ ਉਤਪਤੀ ਦਾ ਕਾਰਨ ਅਣੂ ਨੂੰ ਮੰਨਦੇ ਹਨ, ਜੋ ਅਨਾਦੀ ਸਮਝਿਆ ਗਿਆ ਹੈ ।

(ਕ) ਜੈਮਿਨੀ ਜੀ ਨੇ ਤਾਂ ਆਪਣੇ ਪੂਰਵ ਮੀਮਸਾਂ ਵਿਚ ਰੱਬ ਦਾ ਕੋਈ ਜ਼ਿਕਰ ਹੀ ਨਹੀਂ ਕੀਤਾ।

(ਖ) ਵੇਦਾਂਤ ਨੇ ਦੋ ਰੱਬ ਮੰਨੇ ਹਨ ।ਇਕ ਈਸ਼ਵਰ ਪੈਦਾ ਕਰਨ ਵਾਲਾ ਜੋ ਸਰਗੁਣ ਹੈ ਅਤੇ ਦੂਜਾ ਪਾਰਬ੍ਰਹਮ ਜੋ ਨਿਰਗੁਣ ਹੈ ।

ਇਹਨਾਂ ਨੇ ਤਿੰਨ ਉੱਚ ਪਦਵੀ ਦੇ ਦੇਵਤੇ ਤਸਲੀਮ ਕੀਤੇ ਹਨ, ਜਿਹਾ ਕਿ ਸ਼ਰੋਮਣੀ ਦੇਵਤਾ ਬ੍ਰਹਮਾ ਉਤਪਤੀ ਦਾ ਮਾਲਿਕ । ਦੂਜਾ, ਵਿਸ਼ਨੂੰ ਨੂੰ ਪਾਲਣਹਾਰ ਮੰਨਿਆ ਅਤੇ ਤੀਜਾ ਸ਼ਿਵ ਨੂੰ ਸੰਘਾਰਕ ਮੰਨਿਆ ।ਇਹਨਾਂ ਤਿੰਨਾਂ ਤੋਂ ਹੇਠਾਂ ਫਿਰ ਅਣਗਿਣਤ ਦੇਵੀ, ਦੇਵਤਿਆਂ ਨੂੰ ਵੱਖਰੀਆਂ-ਵੱਖਰੀਆਂ ਸ਼ਕਤੀਆਂ ਦੇ ਅਧਿਕਾਰੀ ਮੰਨਿਆ ਹੈ ।ਇਹਨਾਂ ਅਣਗਿਣਤ, ਦੇਵੀ ਦੇਵਤਿਆਂ ਅੰਦਰ ਪਸ਼ੂ ਦੀ ਸ਼ਕਲ ਵਾਲੇ ਵੀ ਸ਼ੁਮਾਰ ਹਨ । ਇਸ ਤਰ੍ਹਾਂ ਗਊ ਨੂੰ ਵਿਸ਼ੇਸ਼ ਪੂਜਣ ਯੋਗ ਮੰਨਿਆ ਹੈ।

**ਇਸ ਵਿਸ਼ਲੇਸ਼ਣ ਤੋਂ ਇਹ ਭਲੀ-ਭਾਂਤ ਸਿੱਧ ਹੁੰਦਾ ਹੈ ਕਿ ਨਾਸਤਕ-ਆਸਤਕ ਦੀਆਂ ਦਵੈਤ ਰੂਪ ਮਨੌਤੀਆਂ ਨੇ ਹੀ ਮਨੁੱਖੀ ਏਕਤਾ ਨੂੰ**

ਧਾਰਮਕ, ਸਮਾਜਿਕ ਅਤੇ ਭਾਈਚਾਰਕ ਤੌਰ 'ਤੇ ਵੱਖਰੇ-ਵੱਖਰੇ ਕਿਸਮ ਦੇ ਵਿਸ਼ਵਾਸਾਂ ਵਿਚ ਵੰਡ ਦਿੱਤਾ । ਇਸ ਵੰਡ ਦਾ ਹੀ ਪਰਤੱਖ ਸਬੂਤ ਸਾਡੇ ਸਾਹਮਣੇ ਹੈ ਕਿ ਮਨੁੱਖੀ ਪਿਆਰ ਤਾਂ ਘੱਟ ਰਿਹਾ ਹੈ, ਪ੍ਰੰਤੂ ਦਵੈਤ, ਈਰਖ਼ਾ ਅਤੇ ਨਫ਼ਰਤ ਵੱਧ ਰਹੇ ਦਿਸਦੇ ਹਨ ।

ਉਪਰਲੀਆਂ ਧਾਰਾਵਾਂ ਅਤੇ ਵਿਚਾਰਾਂ ਦੇ ਐਨ ਉਲਟ, ਆਸਤਕ ਵਿਚਾਰਧਾਰਾ ਅਨੁਸਾਰ ਇਕ ਰੱਬ (ਪਾਰਬ੍ਰਹਮ, ਪਰਮੇਸ਼ਵਰ ਜਾਂ ਈਸ਼ਵਰ) ਦੀ ਹੋਂਦ ਤੇ ਹਸਤੀ ਨੂੰ ਪੂਰਨ ਵਿਸ਼ਵਾਸ ਨਾਲ ਪਰਵਾਨ ਕੀਤਾ ਗਿਆ ਹੈ । ਆਸਤਕ ਖ਼ੋਜ ਅਨੁਸਾਰ, ਰੱਬ ਦੀ ਅਨਾਦੀ ਹੋਂਦ, ਨਿਰਆਕਾਰ, ਸਰਬ ਵਿਆਪਕ, ਸਰਬ-ਸ਼ਕਤੀਮਾਨ, ਸਰਬ-ਸਿਰਜਨਹਾਰ, ਸਰਬ-ਸੰਘਾਰਕ, ਸਰਬ-ਕਾਰਨ ਕਰਤਾ, ਅਜੋਨੀ ਨਿਰਗੁਣ ਅਤੇ ਸਰਗੁਣ ਰੂਪ ਵਿਚ ਹੈ । ਇਸ ਆਸਤਕਤਾ ਦਾ ਵਿਸ਼ੇਸ਼ ਪ੍ਰਚਾਰ ਪੰਦਰ੍ਹਵੀਂ ਸਦੀ ਤੋਂ ਸ਼ੁਰੂ ਹੋਇਆ, ਜਿਸ ਨੇ ਸਾਰੇ ਸੰਸਾਰ ਨੂੰ ਰੱਬੀ ਹੋਂਦ ਬਾਰੇ ਕਾਇਲ ਕੀਤਾ । ਨਾਸਤਕਤਾ ਦਾ ਸਾਰਾ ਆਧਾਰ ਕਿਉਂਕਿ "ਨਹੀਂ" ਉੱਤੇ ਹੈ ਅਤੇ ਆਸਤਕਤਾ ਦਾ ਪੂਰਨ ਆਧਾਰ "ਹਾਂ" ਉੱਤੇ ਹੈ,ਇਸ ਲਈ "ਹਾਂ" ਵਾਲੇ ਪੱਖੋਂ ਕੁਝ ਦਲੀਲਾਂ ਅਤੇ ਖ਼ੋਜ ਤਜ਼ਰਬੇ ਦਰਜ਼ ਕੀਤੇ ਜਾਂਦੇ ਹਨ-ਹੋਰ ਵਧੇਰੇ ਖ਼ੋਜ ਤਜ਼ਰਬੇ ਸੰਤੋਸ਼ ਜਨਕ ਦਲੀਲਾਂ ਸਹਿਤ ਸਤਾਰ੍ਹਵੀਂ ਸਦੀ ਦੇ ਮਹਾਨ ਨਵੀਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੋਏ ਮਿਲਦੇ ਹਨ ।

## ਦ੍ਰਿਸ਼ਟ ਅਤੇ ਅਦ੍ਰਿਸ਼ਟ

"ਨਾਂਹ" ਪੱਖੀ ਆਮ ਬੰਦਾ ਰੱਬ ਦੀ ਅਣਹੋਂਦ ਦਾ ਅਧਾਰ ਇਸ ਗੱਲ 'ਤੇ ਬਣਾਉਂਦਾ ਹੈ, ਕਿਉਂਕਿ ਰੱਬ ਜਿਹੀ ਕੋਈ ਚੀਜ਼ ਨਾ ਤੇ ਉਸ ਨੂੰ ਅੱਖਾਂ ਨਾਲ ਦਿੱਸਦੀ ਹੈ ਅਤੇ ਨਾ ਹੀ ਉਸ ਨੂੰ ਕੋਈ ਕਿਰਿਆ ਕਰਦੇ ਵੇਖਿਆ ਜਾ ਸਕਦਾ ਹੈ ।

ਉਹਨਾਂ ਦੀ ਇਸ ਦਲੀਲ ਦਾ ਉੱਤਰ ਦੇਂਦਿਆਂ ਕਹਿਣਾ ਪਏਗਾ ਕਿ ਹੋਰ ਅਨੇਕਾਂ ਵਸਤੂਆਂ ਵੀ ਐਸੀਆਂ ਹਨ, ਜੋ ਇਹਨਾਂ ਅੱਖਾਂ ਦੁਆਰਾ ਤਾਂ ਨਹੀਂ ਦਿੱਸਦੀਆਂ , ਪ੍ਰੰਤੂ ਉਹਨਾਂ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ।

ਉਦਾਹਰਣ ਵਜੋਂ ਠੰਡ ਤੇ ਤਪਸ਼, ਬਿਜਲੀ ਦਾ ਕਰੰਟ, ਪਿਆਰ ਤੇ ਦੁਸ਼ਮਣੀ, ਭੁੱਖ ਅਤੇ ਪਿਆਸ, ਦੁੱਖ ਅਤੇ ਦਰਦ, ਹਵਾ, ਚੰਗਿਆਈ ਅਤੇ ਬੁਰਿਆਈ,ਗੁਣ ਜਾਂ ਔਗੁਣ, ਸੋਚ ਅਤੇ ਵਿਚਾਰ ਆਦਿ ਹੋਰ ਵੀ ਐਸਾ ਬਹੁਤ ਕੁਝ ਹੈ । ਇਹਨਾਂ ਸਭ ਦੀ ਹੋਂਦ ਅਹਿਸਾਸ ਦੁਆਰਾ ਹੀ ਮੰਨੀ ਜਾਂਦੀ ਹੈ, ਬਿਜਲੀ ਦਾ ਕਰੰਟ ਤਾਰਾਂ ਦੁਆਰਾ ਕਿਤੇ ਦੀ ਕਿਤੇ ਪਹੁੰਚ ਜਾਂਦਾ ਹੈ । ਕੋਈ ਅੰਦਰਲੀ ਪੀੜਾ ਕਿਸੇ ਨੂੰ ਤਕਲੀਫ਼ ਪੈਦਾ ਕਰ ਰਹੀ ਹੈ, ਜਾਂ ਕਿਸੇ ਬੰਦੇ ਅੰਦਰ ਕਈ ਖ਼ਿਆਲ ਦੌੜ ਰਹੇ ਹਨ, ਪ੍ਰੰਤੂ ਇਹਨਾਂ ਦੀ ਕਿਰਿਆ ਹੁੰਦੀ ਨੂੰ ਕੋਈ ਨਹੀਂ ਵੇਖ ਸਕਦਾ, ਤਾਂ ਤੇ "ਨਾਂਹ" ਪੱਖੀ ਬੰਦਿਆਂ ਦੀ ਉਪਰਲੀ ਦਲੀਲ ਰੱਬ ਦੀ ਅਣਹੋਂਦ ਬਾਰੇ ਮਨੋਵਿਗਿਆਨਕ ਤੌਰ 'ਤੇ ਉੱਕਾ ਹੀ ਨਿਰਮੂਲ ਹੈ ।

## ਕਿਰਤ ਅਤੇ ਕਰਤਾ

ਦ੍ਰਿਸ਼ਮਾਨ ਜਗਤ ਅੰਦਰ ਜੋ ਵੀ ਸਾਕਾਰ ਵਸਤੂ ਦ੍ਰਿਸ਼ਟੀਗੋਚਰ ਹੈ, ਉਸ ਦਾ ਕੋਈ ਨਾ ਕੋਈ ਕਰਤਾ ਵੀ ਜ਼ਰੂਰ ਹੁੰਦਾ ਹੈ । ਉਦਾਹਰਣ ਵਜੋਂ ਜੇ ਇਕ ਸੁੰਦਰ ਤਸਵੀਰ ਨੂੰ ਵੇਖੀਏ,ਤਾਂ ਉਸ ਦੇ ਕਰਤੇ ਕਲਾਕਾਰ ਦੀ ਅਵੱਸ਼ ਸ਼ਲਾਘਾ ਕੀਤੀ ਜਾਣੀ ਇੱਕ ਕੁਦਰਤੀ ਗੱਲ ਹੈ । ਕਿਸੇ ਸੁੰਦਰ ਬਰਤਨ ਨੂੰ ਵੇਖਿਆਂ, ਖ਼ਿਆਲ ਅਕਸਰ ਹੀ ਘੁਮਿਹਾਰ ਵੱਲ ਚਲਾ ਜਾਣਾ ਵੀ ਅਸੂਲੀ ਗੱਲ ਹੈ । ਇਸ ਤਰ੍ਹਾਂ ਸਵਾਦਿਸ਼ਟ ਭੋਜਨ ਖਾਂਦਿਆਂ, ਉਸ ਦੇ ਬਣਾਉਣ ਵਾਲੇ ਵੱਲ ਧਿਆਨ ਚਲਾ ਜਾਣਾ ਇਕ ਸਾਧਾਰਨ ਤੇ ਆਮ ਗੱਲ ਹੈ । ਇਸ ਤਰ੍ਹਾਂ ਹਰ ਕਿਰਤ ਦੇ ਨਾਲ-ਨਾਲ ਕਰਤੇ ਦਾ ਵੀ ਪ੍ਰਚਾਰ ਹੋਣਾ ਇਕ ਸੱਚੀ ਤੇ ਅਮਲ ਵਾਲੀ ਮੰਨੀ-ਪ੍ਰਮੰਨੀ ਗੱਲ ਹੈ ।

ਇਸ ਕਿਰਤ ਪਿੱਛੇ ਇਕ ਹੋਰ ਸਿਧਾਂਤ ਹੈ ਕਿ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹਰ ਕਿਰਤ ਕਿਸੇ ਜੁਗਤੀ, ਨਿਯਮ ਜਾਂ ਅਸੂਲ ਦੀ ਨੀਂਹ ਦੇ ਕਾਰਨ ਹੀ ਵਜੂਦ ਵਿਚ ਆ ਸਕਦੀ ਹੈ, ਜਿਹਾ ਕਿ ਇਕ-ਇਕ ਇੱਟ ਜੋੜ ਕੇ ਸੁੰਦਰ ਮੰਦਰ ਸਾਜ ਲੈਣਾ, ਲੱਕੜੀ ਨੂੰ ਤਰ੍ਹਾਂ -ਤਰ੍ਹਾਂ ਦੇ ਸੁੰਦਰ ਫ਼ਰਨੀਚਰ ਦੀ ਸ਼ਕਲ ਵਿਚ ਲੈ ਆਣਾ , ਕਿਸੇ ਬਾਂਸ ਦੇ ਟੁਕੜਿਆਂ ਤੋਂ ਬੀਨ ਜਾਂ ਬੰਸਰੀ ਦੀ

ਸੂਰਤ ਵਿਚ ਬਦਲ ਦੇਣਾ, ਸੂਤ ਜਾਂ ਰੇਸ਼ਮ ਦੇ ਧਾਗਿਆਂ ਤੋਂ ਸੁੰਦਰ ਮਨ ਭਾਉਂਦੇ ਬਸਤਰਾਂ ਨੂੰ ਤਿਆਰ ਕਰ ਲੈਣਾ ਅਤੇ ਇਸੇ ਤਰ੍ਹਾਂ ਹਰ ਕਿਰਤ ਨੂੰ ਪੂਰਨ ਰੂਪ ਵਿਚ ਪ੍ਰਗਟ ਕਰਨ ਲਈ ਕੁਝ ਜੁਗਤੀਆਂ, ਕੁਝ ਨਿਯਮਾਂ ਜਾਂ ਅਸੂਲਾਂ ਦਾ ਆਧਾਰ ਹੋਣਾ ਇਕ ਮੁੱਢਲੀ ਸੱਚਾਈ ਹੈ, ਚਾਹੇ ਉਹ ਕਿਤਨੀ ਹੀ ਛੋਟੀ ਤੋਂ ਛੋਟੀ ਕਿਰਤ ਹੋਵੇ ਜਾਂ ਕੋਈ ਵੱਡੀ ਤੋਂ ਵੱਡੀ ਕਿਰਤ ਹੋਵੇ ।

ਅੰਨ ਅਤੇ ਮੇਵਿਆਂ ਦੇ ਭੰਡਾਰ ਮਨੁੱਖ ਦੀਆਂ ਤਦਬੀਰਾਂ ਜੇ ਮੰਨ ਵੀ ਲਈਆਂ ਜਾਣ, ਪ੍ਰੰਤੂ ਅੰਨ, ਮੇਵੇ, ਸਬਜ਼ੀਆਂ ਅਤੇ ਹੋਰ ਬਨਸਪਤੀ ਦੇ ਬੀਜ ਤਾਂ ਮਨੁੱਖ ਦੀ ਕਿਰਤ ਕਦਾਚਿਤ ਵੀ ਨਹੀਂ ਮੰਨੀ ਜਾ ਸਕਦੀ ਅਤੇ ਨਾ ਹੀ ਅੱਗੋਂ ਹੀ ਮੰਨੀ ਜਾ ਸਕੇਗੀ । ਦੂਜੀ ਗੱਲ ਇਹ ਕਿ ਇਹਨਾਂ ਸਭ ਦੀ ਉਪਜ ਲਈ ਧਰਤੀ, ਪਾਣੀ, ਸੂਰਜ ਦੀ ਤਪਸ਼ ਅਤੇ ਹਵਾ ਆਦਿ ਦੀ ਜੋ ਅਟੁੱਟ ਅਵੱਸ਼ਕਤਾ ਹੈ, ਉਸ ਨੂੰ ਪੂਰਾ ਕਰ ਸਕਣਾ ਮਨੁੱਖ ਦੀ ਸਮਰੱਥਾ ਤੋਂ ਪਰੇ ਦੀ ਗੱਲ ਹੈ । ਭਲਾ ਜੇ ਥੋੜ੍ਹੇ ਸਮੇਂ ਲਈ ਇਹ ਮੰਨ ਵੀ ਲਿਆ ਜਾਵੇ ਕਿ ਮਨੁੱਖ ਦੀ ਅਕਲ ਵੀਚਾਰ ਸ਼ਕਤੀ ਅਤੇ ਬਾਜ਼ੂ ਸ਼ਕਤੀ ਦਾ ਸਦਕਾ ਹੀ ਇਹ ਸਭ ਕਾਸੇ ਦੀ ਪ੍ਰਾਪਤੀ ਹੈ, ਤਾਂ ਫਿਰ ਇਨਸਾਫ਼ ਦੀ ਤੱਕੜੀ 'ਤੇ ਤੋਲ ਕੇ ਵੇਖਿਆ ਜਾਵੇ ਕਿ ਜਦੋਂ ਮਨੁੱਖ ਨੂੰ ਆਪਣੀ ਹੋਂਦ ਅਤੇ ਕਾਇਮ ਕਾਮੀ 'ਤੇ ਹੀ ਉਸ ਨੂੰ ਕਾਬੂ ਨਹੀਂ, ਤਾਂ ਉਹ ਆਪਣੀ ਅਕਲ ਅਤੇ ਬਾਜ਼ੂ-ਬਲ ਦੇ ਹੋਣ ਦਾ ਭਲਾ ਕੀ ਦਾਅਵਾ ਬੰਨ੍ਹ ਸਕਦਾ ਹੈ ? ਸੋ ਸਿੱਧ ਹੋਇਆ ਕਿ ਮਨੁੱਖ ਦਾ ਜਗਤ ਰਚਨਾ ਨਾਲ ਕਰਤੇ ਰੂਪ ਵਿਚ ਕੋਈ ਸਿੱਧਾ ਸਬੰਧ ਨਹੀਂ, ਸਗੋਂ ਇਹ ਹੋਰ ਜੀਵ ਜੰਤੂਆਂ ਅਤੇ ਪਦਾਰਥ ਵਸਤੂਆਂ ਵਾਂਗ ਆਪ ਭੀ ਜਗਤ ਰਚਨਾ ਦਾ ਇਕ ਹਿੱਸਾ ਹੈ ਅਤੇ ਜਗਤ ਰਚਨਾ ਦਾ ਕਰਤਾ ਅਵੱਸ਼ ਹੀ ਕੋਈ ਹੋਰ ਸ਼ਕਤੀ ਹੈ, ਜਿਸ ਦੇ ਇਸ ਰਚਨਾ ਨਮਿਤ ਸਦੀਵੀ, ਇਕ ਸਾਰ ਤੇ ਪੱਕੇ ਨਿਯਮ ਜਾਂ ਅਸੂਲ ਹਨ । ਐਸੇ ਪੱਕੇ ਨਿਯਮ ਨੂੰ ਘੜਨ ਅਤੇ ਸਦੀਵੀ ਇਕਸਾਰ ਕਾਇਮ ਰੱਖਣ ਵਾਲੀ ਕੋਈ ਮਹਾਨ ਚਾਤੁਰ ਤੇ ਚੇਤੰਨ ਸ਼ਕਤੀ ਹੀ ਹੋ ਸਕਦੀ ਹੈ, ਜਿਸ ਨੂੰ ਸਿੱਧੇ ਜਾਂ ਅਸਿੱਧੇ ਮੰਨਣਾ ਪਏਗਾ । ਇਹੋ ਹੀ "ਹਾਂ" ਪੱਖੀ ਵਾਲਿਆਂ ਦਾ ਦਾਅਵਾ ਹੈ ਕਿ ਇਹ ਮਹਾਨ ਸ਼ਕਤੀ ਰੱਬ ਹੀ ਹੈ, ਜੋ ਸਾਰੇ ਦ੍ਰਿਸ਼ਮਾਨ ਜਗਤ, ਅਨੇਕ ਅਦ੍ਰਿਸ਼ ਮੰਡਲਾਂ ਅਤੇ ਸਭ ਕੰਮ ਕਰਦੀਆਂ ਅਦ੍ਰਿਸ਼ ਸ਼ਕਤੀਆਂ ਦਾ ਸੋਮਾ ਹੈ।

"ਨਾਂਹ" ਪੱਖੀਆਂ ਦੀ ਕੁਝ ਕੁ ਮਨੌਤੀ ਇਹ ਹੈ ਕਿ ਪੁਰਸ਼ ਅਤੇ ਕਿਰਤ ਦਾ ਕਰਤਾ ਰੱਬ ਨਾ ਹੋ ਕੇ ਆਪਣੇ ਆਪ ਤੋਂ ਅਨਾਦੀ ਹੈ। ਜੇਕਰ ਇਹ ਗੱਲ ਸੱਚੀ ਮੰਨੀ ਜਾ ਸਕੇ,ਤਾਂ ਫਿਰ ਕਿਰਿਆ ਦਾ ਵੀ ਅਨਾਦੀ ਹੋਣਾ ਜ਼ਰੂਰੀ ਬਣਦਾ ਹੈ ਅਤੇ ਇਸ ਪ੍ਰਕਾਰ ਪੁਰਸ਼ (ਮਨੁੱਖ) ਦੀ ਕਿਰਿਆ ਦਾ ਇਕਸਾਰ ਰਹਿਣ ਦਾ ਨਿਯਮ ਵੀ ਅਨਾਦੀ ਸਿੱਧ ਹੋਣਾ ਚਾਹੀਦਾ ਹੈ, ਪ੍ਰੰਤੂ ਐਸੀ ਗੱਲ ਪੁਰਸ਼ ਦੀ ਹੈ ਨਹੀਂ ਕਿਉਂਕਿ ਪੁਰਸ਼ ਦੀ ਸੁਰਤ ਬਦਲਣ ਨਾਲ ਕਿਰਿਆ ਵਿਚ ਤਬਦੀਲੀ ਆ ਜਾਂਦੀ ਹੈ। ਆਤਮ ਵਿਕਾਸ ਨਾਲ ਸੁਰਤ ਸੂਖਸ਼ਮ ਹੁੰਦੀ ਜਾਂਦੀ ਹੈ ਅਤੇ ਕਿਰਿਆਵਾਂ ਤੋਂ ਰਹਿਤ ਹੁੰਦੀ ਜਾਂਦੀ ਹੈ। ਇਸੇ ਤਬਦੀਲੀ ਵਾਲੇ ਨਿਯਮ ਦੇ ਆਧਾਰ 'ਤੇ ਤਾਂ ਯੋਗ ਨੇ ਰੱਬ ਦੀ ਹੋਂਦ ਨੂੰ ਤਸਲੀਮ ਕੀਤਾ ਹੈ, ਭਾਵੇਂ ਕਿ ਉਹਨਾਂ ਦੀ ਮਨੌਤੀ ਪੁਰਸ਼ ਅਤੇ ਪ੍ਰਕ੍ਰਿਤੀ ਨਮਿਤ ਹੋਰਾਂ ਮਨੌਤੀਆਂ ਨਾਲੋਂ ਕੁਝ ਵੱਖ ਹੈ। ਯੋਗ ਧਿਆਨ ਰਾਹੀਂ ਆਪਣੀ ਸੁਰਤ ਨੂੰ ਸੂਖ਼ਮ ਕਰਨ ਦਾ ਹੀ ਉਪਰਾਲਾ ਕਰਦੇ ਤੇ ਸਰੀਰਾਂ ਨੂੰ ਕਿਰਿਆਵਾਂ ਤੋਂ ਰਹਿਤ ਕਰ ਕੇ ਉੱਚ ਆਤਮਕ ਮੰਡਲਾਂ ਵਿਚ ਪਰਵੇਸ਼ ਕਰਦੇ ਹਨ। ਇਸ ਪ੍ਰਕਾਰ ਪੁਰਸ਼ ਅਤੇ ਪ੍ਰਕ੍ਰਿਤੀ ਦੇ ਅਨਾਦੀ ਹੋਂਦ ਵਾਲਾ ਸਿਧਾਂਤ ਵੀ, ਆਪਣੇ ਆਪ ਤੋਂ ਪਤਲਾ ਪੈ ਗਿਆ ਹੈ।

ਪੁਰਾਤਨ ਮਤਾਂ-ਮਤਾਂਤਾਂ ਦੇ ਆਸਤਕ-ਨਾਸਤਕ ਨਮਿਤ ਕੀਤੇ ਗਏ ਵਿਸ਼ਲੇਸ਼ਣ ਨੇ ਇਕ ਤਾਂ ਭਲੀ ਪ੍ਰਕਾਰ ਸਿੱਧ ਕਰ ਦਿੱਤਾ ਹੈ ਕਿ ਉਹਨਾਂ ਦੀਆਂ ਮਨੌਤੀਆਂ ਇਕ ਦੂਜੇ ਤੋਂ ਅੱਡਰੀਆਂ ਹਨ, ਜਿਨ੍ਹਾਂ ਤੋਂ ਨਾ ਤੇ ਰੱਬੀ ਹੋਂਦ ਨੂੰ ਸਿੱਧ ਕੀਤਾ ਗਿਆ ਅਤੇ ਨਾ ਹੀ ਇਸ ਤੋਂ ਪਰੇ ਜਾ ਕੇ ਕੋਈ ਹੋਰ ਇਕ ਸਿਧਾਂਤ ਹੀ ਕਾਇਮ ਕਰ ਸਕੇ ਹਨ। ਇਸ ਲਈ ਆਸਤਕ ਦੀ ਵਿਚਾਰਧਾਰਾ ਨੂੰ ਜੋ ਏ ਕੇ ਵੱਲ ਹੀ ਕੇਂਦਰਤ ਹੈ, ਬਾਰੇ ਕੁਝ ਹੋਰ ਘੋਖ ਕਰ ਕੇ ਨਤੀਜਾ ਕੱਢ ਕੇ ਹੀ ਇਸ ਮਜ਼ਮੂਨ ਦੇ ਕਿਸੇ ਕਿਨਾਰੇ ਪੁੱਜ ਸਕਾਂਗੇ। ਜਿਵੇਂ ਕਿ ਆਸਤਕ ਮਨੌਤੀ ਅਨੁਸਾਰ ਸਰਬ ਗੁਣ ਦਾ ਸਮੂਹ ਰੱਬ ਹੀ ਇਕ ਅਤਿਅੰਤ ਸੂਖਸ਼ਮ ਸਰਬ-ਸਮਰੱਥੀ ਸ਼ਕਤੀ ਹੈ। ਜੋ ਸਿਰਜਨਹਾਰ, ਕਾਰਨ ਕਰਤਾ ਅਤੇ ਸਰਬ-ਵਿਆਪਕ ਹੈ। ਆਤਮ ਖੋਜੀਆਂ ਅਨੁਸਾਰ

"ਹਰਿ ਜੀ ਸੂਖਸ਼ਮ ਅਗਮ ਹੈ ਕਿਤਿਬਿਧ ਮਿਲਿਆ ਜਾਏ॥"

# ਸਿਮਰਨ ਜਾਂ ਬੰਦਗੀ

-ਕਰਨੈਲ ਸਿੰਘ,

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਆਦਿ ਤੋਂ ਅੰਤ ਤੱਕ ਇਹੋ ਉਪਦੇਸ਼ ਦ੍ਰਿੜ੍ਹ ਕਰਾਉਂਦੀ ਹੈ ਕਿ ਨਾਮ ਜਪੋ, ਨਾਮ ਜਪੋ। ਹਰ ਇਕ ਗੁਰਵਾਕ ਤੋਂ ਇਹ ਹੁਕਮ ਮਿਲਦਾ ਹੈ। ਨਾਮ ਜਪਣ ਨਾਲ ਮਨੁੱਖ ਦੇ ਮਨ ਵਿਚੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਖ਼ਤਮ ਹੋ ਜਾਂਦੇ ਹਨ। ਮਨ ਦੀ ਸ਼ੁੱਧੀ ਨਾਮ ਕਰਕੇ ਹੈ। ਨਾਮ ਕਮਾਈ ਤੋਂ ਬਿਨਾਂ ਹਿਰਦਾ ਸ਼ੁੱਧ ਨਹੀਂ ਹੋ ਸਕਦਾ।

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ
ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥

ਗੁਰਵਾਕ ਦੇ ਅਨੁਸਾਰ ਨਾਮ ਰੂਪੀ ਸ਼ਬਦ ਤੋਂ ਬਿਨਾਂ ਮਨ ਦੀ ਮੈਲ ਨਹੀਂ ਉੱਤਰਦੀ, ਨਾਮ ਜਪਣ ਨਾਲ ਮਨੁੱਖ ਦੇ ਜਨਮ-ਜਨਮ ਦੇ ਪਾਪਾਂ ਦੀ ਮੈਲ ਕੱਟੀ ਜਾਂਦੀ ਹੈ। ਗੁਰਵਾਕ ਹੈ:

ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥
ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥

ਅਸ਼ਰਧਕ ਲੋਕਾਂ ਨੂੰ ਯਕੀਨ ਨਹੀਂ ਆਉਂਦਾ ਕਿ ਸਵਾਸ-ਸਵਾਸ ਸਿਮਰਨ ਕੀਤਿਆਂ ਮਨ ਦੀ ਮੈਲ ਕਿਵੇਂ ਉਤਾਰੀ ਜਾਂਦੀ ਹੈ, ਪਰ:

ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲ ਹੋਇ ॥

ਰਸਨਾ ਦੁਆਰਾ ਸਚਾ ਨਾਮ ਸਿਮਰਨ ਕਰਕੇ ਤਨ ਅਤੇ ਮਨ ਨਿਰਮਲ ਹੋ ਜਾਂਦੇ ਹਨ। ਸਿਮਰਨ ਕਰਨ ਨਾਲ ਮਨੁੱਖ ਦੇ ਮਨ ਅੰਦਰੋਂ ਡਰ, ਭੈ ਦੂਰ ਹੋ ਜਾਂਦਾ ਹੈ।

## ਨਸ਼ਿਆਂ ਸਬੰਧੀ

# ਗੁਰਬਾਣੀ ਫੁਰਮਾਨ

- ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ।।
  ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ।।

  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ : 399)

- ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ
  ਸੰਤ ਜਨ ਕਰਤ ਨਹੀ ਪਾਨੰ ।।

  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ : 1293)

- ਬਾਬਾ ਹੋਰੁ ਖਾਣਾ ਖੁਸੀ ਖੁਆਰੁ।।
  ਜਿਤੁ ਖਾਧੈ ਤਨੁ ਪੀੜੀਐ
  ਮਨ ਮਹਿ ਚਲਹਿ ਵਿਕਾਰ।।

  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ : 16 )

- ਕੁੱਠਾ ਹੁੱਕਾ ਚਰਸ ਤਮਾਕੂ ।
  ਗਾਂਜਾ ਟੋਪੀ ਤਾੜੀ ਖਾਕੂ ।
  ਇਨ ਕੀ ਓਰ ਨ ਕਬਹੂੰ ਦੇਖੇ।
  ਰਹਤਵੰਤ ਸੋ ਸਿੰਘ ਵਿਸੇਖੇ।

  (ਰਹਿਤਨਾਮਾ ਭਾਈ ਦੇਸਾ ਸਿੰਘ ਜੀ)

# ਸਾਡੀਆਂ ਪ੍ਰਕਾਸ਼ਨਾਵਾਂ

| | |
|---|---|
| ਕਰਤੇ ਕੀਆਂ ਬਾਤਾਂ | 10 |
| ਜਪੁ ਸੁਆਲ ਜੁਆਬ | 6 |
| ਮਲੇਸ਼ੀਆ 'ਚ ਸਿੱਖ | 50 |
| ਧਰਮ ਸਿੱਖਿਆ-ਭਾਗ-1 | 15 |
| ਧਰਮ ਸਿੱਖਿਆ-ਭਾਗ-2 | 20 |
| ਧਰਮ ਅਧਿਐਨ ਤੇ ਗੁਰਮਤਿ ਬੋਧ | 10 |
| ਸਿੱਖ ਫੇਥ | 10 |
| ਸਿੱਖ ਸੱਭਿਆਚਾਰ ਦੇ ਚੋਣਵੇਂ ਪੱਖ | 20 |
| ਵਿਰਸੇ ਦੀ ਛੁਹ | 20 |
| ਗੁਰਮਤਿ ਪ੍ਰਸ਼ਨੋਤਰੀ | 10 |
| ਚੋਣਵੀਆਂ ਸਾਖੀਆਂ | 10 |
| ਗੁਰਮਤਿ ਡਾਇਰੀ | 10 |
| ਧਰਮ ਕਾ ਜੈਕਾਰ | 150 |

### ਗੁਰਮਤਿ ਸੰਗੀਤ

| | |
|---|---|
| ਸਹਜ ਧੁਨਿ | 20 |
| ਸਵੱਰ ਸਮੁੰਦ | 20 |

### ਕਹਾਣੀ ਸੰਗ੍ਰਹਿ

| | |
|---|---|
| ਰੂਹ ਦੀ ਉਡਾਰੀ | 10 |
| ਸੱਚੋ ਸੱਚ | 15 |
| ਜੀਵਨ ਬਦਲ ਗਿਆ | 20 |

### ਬੱਚਿਆਂ ਲਈ

| | |
|---|---|
| ਆਓ ਰੰਗ ਭਰੀਏ-ਭਾਗ-1 | 10 |
| ਆਓ ਰੰਗ ਭਰੀਏ-ਭਾਗ-2 | 10 |

### ਕਵਿਤਾਵਾਂ

| | |
|---|---|
| ਵਿਰਸੇ ਦੀ ਪਹਿਚਾਣ | 10 |
| ਅਨੰਦ ਹੁਲਾਰੇ | 10 |
| ਗੁਰਮਤਿ ਕਾਵਿ ਫੁਲਵਾੜੀ | 10 |
| ਰੁਤਬਾ ਖਾਲਸੇ ਦਾ | 50 |
| ਵਿਰਸੇ ਦੇ ਅੰਗ-ਸੰਗ | 20 |

### ਟ੍ਰੈਕਟ

| | |
|---|---|
| ਕੀ ਰੱਬ ਹੈ ? | 2 |
| ਇਹ ਕੇਵਲ ਚਿੰਨ੍ਹ ਨਹੀਂ | 4 |

### ਹਿੰਦੀ

| | |
|---|---|
| ਜੀਵਨ ਬਦਲ ਗਿਆ | 20 |
| ਸਿੱਖ ਧਰਮ (ਸਿੱਖ ਫੇਥ) | 10 |
| ਸਿੱਖ ਧਰਮ (ਗੁਰਮਤਿ ਬੋਧ) | 10 |

### ENGLISH

| | |
|---|---|
| *Sikh Sakhis* | 20 |
| *Japji* | 10 |
| *Sikh Faith (Hard Bound)* | 40 |
| *Thus Sayeth Gurbani* | 250 |
| *A Sikh in Greece* | 2 |
| *Sikhism in Brief (Hard Bound)* | 60 |



## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002

ਫੋਨ : 450352, 463606, 463615,

ਈ-ਮੇਲ : ggsscho@satyam.net.in